# PUNJAB VIDHAN SABHA

## Friday, the 20th October, 2023

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 11.00 A.M. Mr. Speaker (Sardar Kultar Singh Sandhwan) in the Chair.*

---

## Obituary References

**ਮਾਣਯੋਗ ਸਪੀਕਰ** : ਪੰਜਾਬ ਵਿਧਾਨ ਸਭਾ ਦੀ ਪਿਛਲੀ ਬੈਠਕ ਤੋਂ ਹੁਣ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿੱਛੜ ਗਈਆਂ ਹਨ। ਅਸੀਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇਕੱਤਰ ਹੋਏ ਹਾਂ।

ਕੁਝ ਅਜਿਹੀਆਂ ਸ਼ਖਸੀਅਤਾਂ, ਜੋ ਆਪਣੇ ਜੀਵਨ ਨੂੰ ਕੌਮ ਦੇ ਲੇਖੇ ਲਾ ਕੇ, ਸਮਾਜ ਅਤੇ ਦੇਸ਼ ਦੀ ਸੇਵਾ ਵਿੱਚ ਵਡਮੁੱਲਾ ਯੋਗਦਾਨ ਪਾਉਂਦੇ ਹੋਏ ਸਾਨੂੰ ਹਮੇਸ਼ਾ ਲਈ ਸਦੀਵੀ ਵਿਛੋੜਾ ਦੇ ਗਈਆਂ ਹਨ, ਆਓ ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾਂਜਲੀ ਭੇਟ ਕਰੀਏ-

ਸਰਦਾਰ ਮਨੋਹਰ ਸਿੰਘ ਗਿੱਲ, ਸਾਬਕਾ ਕੇਂਦਰੀ ਮੰਤਰੀ ਮਿਤੀ 15 ਅਕਤੂਬਰ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 14 ਜੂਨ, 1936 ਨੂੰ ਪਿੰਡ ਅਲਾਦੀਨਪੁਰ, ਜ਼ਿਲ੍ਹਾ ਤਰਨ ਤਾਰਨ ਵਿਖੇ ਹੋਇਆ। ਉਹ ਸਾਲ 2004 ਤੋਂ 2016 ਤੱਕ ਰਾਜ ਸਭਾ ਦੇ ਮੈਂਬਰ ਰਹੇ। ਉਨ੍ਹਾਂ ਵਲੋਂ ਸਾਲ 2008 ਤੋਂ 2011 ਤੱਕ ਕੇਂਦਰੀ ਯੁਵਾ ਮਾਮਲੇ ਅਤੇ ਖੇਡ ਮੰਤਰੀ ਅਤੇ ਸਾਲ 2011 ਵਿੱਚ ਕੇਂਦਰੀ ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਸਬੰਧੀ ਮੰਤਰੀ ਵਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ। ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਸਾਲ 2000 ਵਿੱਚ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਉਹ ਸਾਲ 1996 ਤੋਂ 2001 ਤੱਕ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਵੀ ਰਹੇ। ਉਨ੍ਹਾਂ ਨੇ ਸਾਲ 1958 ਤੋਂ 1993 ਤੱਕ ਭਾਰਤੀ ਪ੍ਰਸ਼ਾਸਨਿਕ ਸੇਵਾ ਵਿੱਚ ਰਹਿੰਦਿਆਂ ਵੱਖ ਵੱਖ ਅਹੁਦਿਆਂ ਤੇ ਸੇਵਾਵਾਂ ਨਿਭਾਈਆਂ। ਉਨ੍ਹਾਂ ਨੂੰ ਨਿਸ਼ਾਨ -ਏ -ਖਾਲਸਾ ਨਾਲ ਸਨਮਾਨਿਤ ਕੀਤਾ ਗਿਆ।

ਸਰਦਾਰ ਬੀਰ ਦਵਿੰਦਰ ਸਿੰਘ, ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ ਵੀ ਸਾਨੂੰ ਮਿਤੀ 30 ਜੂਨ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ 1 ਮਾਰਚ, 1949 ਨੂੰ ਪਟਿਆਲਾ ਵਿਖੇ ਹੋਇਆ ਸੀ। ਉਹ ਸਾਲ 1980 ਅਤੇ 2002 ਵਿੱਚ ਪੰਜਾਬ ਵਿਧਾਨ ਦੇ ਮੈਂਬਰ ਚੁਣੇ ਗਏ ਸਨ। ਉਨ੍ਹਾਂ ਵਲੋਂ ਸਾਲ 2003 ਵਿੱਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਵਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ। ਉਹ ਪੰਜਾਬ ਵਿਧਾਨ ਸਭਾ ਦੀਆਂ ਵੱਖ ਵੱਖ ਕਮੇਟੀਆਂ ਦੇ ਚੇਅਰਮੈਨ ਵੀ ਰਹੇ। ਉਹ ਕਾਂਗਰਸ ਲੈਜਿਸਲੇਟਿਵ ਪਾਰਟੀ ਦੇ ਚੀਫ ਵਿਪ੍ਹ ਵੀ ਰਹੇ। ਉਹ ਆਲ ਇੰਡੀਆ ਸਿੱਖ ਸਟੂਡੈਂਟਸ

ਫੈਡਰੇਸ਼ਨ ਦੇ ਪ੍ਰਧਾਨ ਵੀ ਰਹੇ। ਇਸ ਤੋਂ ਇਲਾਵਾ ਉਹ ਬਲਾਕ ਸੰਮਤੀ, ਬਸੀ ਪਠਾਣਾ ਦੇ ਚੇਅਰਮੈਨ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਵੀ ਰਹੇ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ, ਸਾਬਕਾ ਸੰਸਦੀ ਸਕੱਤਰ ਵੀ ਸਾਨੂੰ ਮਿਤੀ 25 ਜੁਲਾਈ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 2 ਫਰਵਰੀ, 1951 ਨੂੰ ਫਿਲੌਰ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਹ ਸਾਲ 1992 ਅਤੇ 2002 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਹ ਲੋਕ ਨਿਰਮਾਣ ਵਿਭਾਗ, ਉਦਯੋਗ ਵਿਭਾਗ, ਸੰਸਦੀ ਮਾਮਲੇ ਵਿਭਾਗ ਅਤੇ ਸਹਿਕਾਰਤਾ ਵਿਭਾਗ ਦੇ ਸੰਸਦੀ ਸਕੱਤਰ ਰਹੇ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਪੰਜਾਬ ਵਿਧਾਨ ਸਭਾ ਦੀਆਂ ਵੱਖ ਵੱਖ ਕਮੇਟੀਆਂ ਦੇ ਚੇਅਰਮੈਨ ਅਤੇ ਮੈਂਬਰ ਵਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ। ਉਹ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਵੀ ਰਹੇ।

ਸ਼੍ਰੀ ਰਾਮ ਕਿਸ਼ਨ ਕਟਾਰੀਆ, ਸਾਬਕਾ ਵਿਧਾਇਕ ਵੀ ਸਾਨੂੰ ਮਿਤੀ 7 ਅਕਤੂਬਰ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 1 ਜਨਵਰੀ, 1940 ਨੂੰ ਪਿੰਡ ਫੌਜੇਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਉਹ ਸਾਲ 1977 ਅਤੇ 1985 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਪੰਜਾਬ ਵਿਧਾਨ ਸਭਾ ਦੀਆਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਅਤੇ ਅਨੁਮਾਨ ਕਮੇਟੀ ਦੇ ਮੈਂਬਰ ਵਜੋਂ ਵੀ ਸੇਵਾਵਾਂ ਨਿਭਾਈਆਂ। ਉਹ ਪੰਜਾਬ ਪ੍ਰਦੇਸ਼ ਜਨਤਾ ਪਾਰਟੀ ਦੇ ਉਪ ਪ੍ਰਧਾਨ ਅਤੇ ਜਨਰਲ ਸਕੱਤਰ ਵੀ ਰਹੇ। ਉਨ੍ਹਾਂ ਨੇ ਭਾਰਤੀ ਹਵਾਈ ਸੈਨਾ ਵਿੱਚ ਵੀ 15 ਸਾਲ ਸੇਵਾਵਾਂ ਨਿਭਾਈਆਂ।

**1100/Beant kaur/ Harjinder singh**

**1105/Karamjit kaur**.

ਸ਼੍ਰੀ ਜੈਮਲ ਸਿੰਘ, ਸ਼੍ਰੀ ਅਨੋਖ ਸਿੰਘ ਅਤੇ ਸ਼੍ਰੀ ਦਰਸ਼ਨ ਸਿੰਘ ਜੀ, ਇਹ ਸਾਰੇ ਸੁਤੰਤਰਤਾ ਸੰਗਰਾਮੀ ਵੀ ਸਾਨੂੰ ਵਿਛੋੜਾ ਦੇ ਗਏ ਹਨ। ਉਨ੍ਹਾਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਦੇਸ਼ ਨੂੰ, ਹਿੰਦੁਸਤਾਨ ਨੂੰ ਆਜ਼ਾਦੀ ਕਰਵਾਉਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ। ਜਿਸ ਦਾ ਨਤੀਜਾ ਹੈ ਕਿ ਅੱਜ ਅਸੀਂ ਉਨ੍ਹਾਂ ਦੀ ਅਤੇ ਉਨ੍ਹਾਂ ਵਰਗੇ ਹੋਰ ਸੁਤੰਤਰਤਾ ਸੰਗਰਾਮੀਆਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨ੍ਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਸ਼ਹੀਦ ਕਰਨਲ ਮਨਪ੍ਰੀਤ ਸਿੰਘ ਜੀ ਵੀ ਸਾਨੂੰ ਮਿਤੀ 13 ਸਤੰਬਰ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 11 ਮਾਰਚ, 1982 ਨੂੰ ਪਿੰਡ ਭੜੌਂਜੀਆਂ, ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਹੋਇਆ ਸੀ। ਉਹ ਜੰਮੂ ਕਸ਼ਮੀਰ ਦੇ ਜ਼ਿਲ੍ਹਾ ਅਨੰਤਨਾਗ ਵਿਖੇ ਅੱਤਵਾਦੀਆਂ ਨਾਲ ਮੁਕਾਬਲੇ ਦੌਰਾਨ ਸ਼ਹੀਦ ਹੋ ਗਏ ਸਨ।

ਸ਼ਹੀਦ ਸਿਪਾਹੀ ਪ੍ਰਦੀਪ ਸਿੰਘ ਜੀ ਵੀ ਸਾਨੂੰ ਮਿਤੀ 19 ਸਤੰਬਰ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 30 ਅਪ੍ਰੈਲ, 1996 ਨੂੰ ਪਿੰਡ ਬੱਲਮਗੜ੍ਹ, ਜ਼ਿਲ੍ਹਾ ਪਟਿਆਲਾ ਵਿਖੇ ਹੋਇਆ ਸੀ। ਉਹ ਜੰਮੂ ਕਸ਼ਮੀਰ ਦੇ ਜ਼ਿਲ੍ਹਾ ਅਨੰਤਨਾਗ ਵਿਖੇ ਅੱਤਵਾਦੀਆਂ ਨਾਲ ਮੁਕਾਬਲੇ ਦੌਰਾਨ ਸ਼ਹੀਦ ਹੋ ਗਏ ਸਨ।

ਸ਼ਹੀਦ ਸਿਪਾਹੀ ਪਰਵਿੰਦਰ ਸਿੰਘ ਜੀ ਸਾਨੂੰ 03 ਅਕਤੂਬਰ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 22 ਮਈ, 1997 ਨੂੰ ਪਿੰਡ ਛਾਜਲੀ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ ਸੀ। ਉਹ ਕਾਰਗਿਲ ਵਿਖੇ ਟਰੇਨਿੰਗ ਦੌਰਾਨ ਵਾਪਰੇ ਹਾਦਸੇ ਵਿੱਚ ਸ਼ਹੀਦ ਹੋ ਗਏ ਸਨ।

ਸ਼ਹੀਦ ਸਿਪਾਹੀ ਤਰਨਦੀਪ ਸਿੰਘ ਜੀ ਵੀ ਸਾਨੂੰ ਮਿਤੀ 19 ਅਗਸਤ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 25 ਨਵੰਬਰ, 2000 ਨੂੰ ਪਿੰਡ ਕਮਾਲੀ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਹੋਇਆ ਸੀ। ਉਹ ਲੇਹ ਲਦਾਖ ਵਿਖੇ ਵਾਪਰੇ ਹਾਦਸੇ ਦੌਰਾਨ ਸ਼ਹੀਦ ਹੋ ਗਏ ਸਨ।

ਪ੍ਰੋਫੈਸਰ ਬਲਬੀਰ ਚੰਦ ਵਰਮਾ ਵੀ ਸਾਨੂੰ ਮਿਤੀ 19 ਸਤੰਬਰ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 2 ਅਪ੍ਰੈਲ, 1934 ਨੂੰ ਪਿੰਡ ਚਲੈਲਾ, ਜ਼ਿਲ੍ਹਾ ਪਟਿਆਲਾ ਵਿਖੇ ਹੋਇਆ ਸੀ। ਉਨ੍ਹਾਂ ਵਲੋਂ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵਿਖੇ ਕੈਮਿਸਟਰੀ ਦੇ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਈਆਂ ਗਈਆਂ। ਉਨ੍ਹਾਂ ਵਲੋਂ ਕਾਲਜ ਵਿੱਚ ਪੜ੍ਹਾਈ ਕਰਵਾਉਣ ਦੇ ਨਾਲ ਨਾਲ ਸਮਾਜ ਸੇਵਾ ਦੇ ਖੇਤਰ ਵਿੱਚ ਵਡਮੁੱਲੀਆਂ ਸੇਵਾਵਾਂ ਨਿਭਾਈਆਂ ਗਈਆਂ। ਉਨ੍ਹਾਂ ਨੇ ਕਾਲਜ ਦੀ ਪੜ੍ਹਾਈ ਤੋਂ ਬਾਅਦ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇ ਕੇ ਨਾਮਣਾ ਖੱਟਿਆ। ਉਹ ਅਨੇਕਾਂ ਪਰਿਵਾਰਾਂ ਦੇ ਬੱਚਿਆਂ ਲਈ ਰਾਹਗੀਰ ਬਣੇ ਅਤੇ ਉਨ੍ਹਾਂ ਨੇ ਲੋੜਵੰਦਾਂ ਦੀ ਅੱਗੇ ਹੋ ਕੇ ਮਦਦ ਕੀਤੀ। ਉਨ੍ਹਾਂ ਵੱਲੋਂ ਪੜ੍ਹਾਏ ਗਏ ਵਿਦਿਆਰਥੀ ਵੱਖ-ਵੱਖ ਖੇਤਰਾਂ ਵਿੱਚ ਉਚ ਅਹੁਦਿਆਂ 'ਤੇ ਬਿਰਾਜਮਾਨ ਹਨ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਮਨੁੱਖੀ ਕਦਰਾਂ-ਕੀਮਤਾਂ ਲਈ ਸਮਰਪਿਤ ਕਰ ਦਿੱਤਾ। ਉਹ ਇੱਕ ਮਹਾਨ ਸ਼ਖ਼ਸੀਅਤ ਦੇ ਨਾਲ ਨਾਲ ਵਿਲੱਖਣ ਗੁਣਾਂ ਵਾਲੇ ਇਨਸਾਨ ਵੀ ਸਨ।

ਡਾਕਟਰ ਅਮਰ ਸਿੰਘ ਆਜ਼ਾਦ ਵੀ ਸਾਨੂੰ ਮਿਤੀ 4 ਜੁਲਾਈ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 15 ਜੁਲਾਈ, 1949 ਨੂੰ ਹੋਇਆ ਸੀ। ਉਨ੍ਹਾਂ ਕੋਲ ਦੋ ਐਮ.ਡੀ. ਡਿਗਰੀਆਂ ਸਨ, ਉਹ ਪੈਡੀਐਟਰਿਕਸ ਅਤੇ ਕਮਿਊਨਿਟੀ ਮੈਡੀਸਨ ਦੇ ਮਾਹਰ ਸਨ। ਉਨ੍ਹਾਂ ਨੇ ਬਿਮਾਰੀਆਂ ਲਈ ਰੋਕਥਾਮਿਕ ਦਵਾਈਆਂ, ਕਮਿਊਨਿਟੀ ਮੈਡੀਸਨਜ਼ ਦੇ ਖੇਤਰ ਵਿੱਚ ਭਰਪੂਰ ਯੋਗਦਾਨ ਪਾਇਆ ਅਤੇ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਕੇ ਲੱਖਾਂ ਲੋਕਾਂ ਨੂੰ ਗੰਭੀਰ ਬਿਮਾਰੀਆਂ ਤੋਂ ਨਿਜਾਤ ਦਿਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਹ ਦੇਸ਼ ਦੀ ਪੁਰਾਤਨ ਇਲਾਜ ਪ੍ਰਣਾਲੀ ਭਾਵ ਯੂਨਾਨੀ, ਆਯੁਰਵੈਦਿਕ ਅਤੇ ਹੋਮਿਓਪੈਥੀ ਦਾ ਵੀ ਡੂੰਘਾ ਗਿਆਨ ਰੱਖਦੇ ਸਨ। ਮੇਰਾ ਉਨ੍ਹਾਂ ਨਾਲ ਨਿੱਜੀ ਸਬੰਧ ਰਿਹਾ ਹੈ। ਉਹ ਬਹੁਤ ਹੀ ਕੋਮਲ ਦਿਲ ਦੇ ਅਤੇ ਲੋਕ ਸੇਵਾ ਨੂੰ ਪ੍ਰਣਾਈ ਹੋਈ ਸ਼ਖ਼ਸੀਅਤ ਦੇ ਮਾਲਕ ਸਨ।

ਸ਼੍ਰੀ ਸੁਰਿੰਦਰ ਛਿੰਦਾ, ਉੱਘੇ ਗਾਇਕ ਅਤੇ ਕਲਾਕਾਰ ਵੀ ਸਾਨੂੰ ਮਿਤੀ 26 ਜੁਲਾਈ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 20 ਮਈ, 1953 ਨੂੰ ਪਿੰਡ ਛੋਟੀ ਇਆਲੀ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ ਸੀ। ਉਹ ਰਾਮਗੜੀਆ ਸਿੱਖ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਨੇ ਕਈ ਫਿਲਮਾਂ ਵਿੱਚ ਆਪਣੀ ਕਲਾ ਦੇ ਜੌਹਰ ਦਿਖਾਏ। ਉਨ੍ਹਾਂ ਨੇ 1959 ਵਿੱਚ ਗਾਇਕੀ ਆਰੰਭ ਕੀਤੀ ਅਤੇ ਲਗਭੱਗ 165 ਮਿਊਜ਼ਿਕ ਐਲਬਮਜ਼ ਦਿੱਤੀਆਂ। ਉਨ੍ਹਾਂ ਨੂੰ ਪੰਜਾਬ ਗੌਰਵ ਰਤਨ ਅਵਾਰਡ, ਸ਼੍ਰੋਮਣੀ ਗਾਇਕ ਅਵਾਰਡ ਅਤੇ ਪੰਜਾਬੀ ਲੋਕ ਗਾਇਕ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਇਨ੍ਹਾਂ ਸ਼ਖ਼ਸੀਅਤਾਂ ਤੋਂ ਇਲਾਵਾ ਕਈ ਹੋਰ ਸ਼ਖ਼ਸੀਅਤਾਂ ਵੀ ਸਾਡੇ ਵਿਚੋਂ ਚਲੀਆਂ ਗਈਆਂ ਹਨ ਜਿਨ੍ਹਾਂ ਵਿੱਚੋਂ ਬਹੁਤ ਸਤਿਕਾਰਯੋਗ ਜਿਨ੍ਹਾਂ ਨੇ ਦੇਸ਼ ਦੀ ਅੰਨ ਦੀ ਆਪੂਰਤੀ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਸੀ, ਡਾਕਟਰ ਐਮ.ਐਸ. ਸਵਾਮੀਨਾਥਨ, ਸਾਬਕਾ ਰਾਜ ਸਭਾ ਮੈਂਬਰ ਅਤੇ ਉੱਘੇ ਖੇਤੀਬਾੜੀ ਵਿਗਿਆਨੀ, ਸਾਨੂੰ ਸਾਨੂੰ ਮਿਤੀ 28 ਸਤੰਬਰ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ 7 ਅਗਸਤ, 1925 ਨੂੰ ਤਾਮਿਲਨਾਡੂ ਰਾਜ ਵਿਖੇ ਹੋਇਆ ਸੀ। ਉਨ੍ਹਾਂ ਦਾ ਕਿੱਤਾ ਐਗਰੀਕਲਚਰ ਰਿਸਰਚ ਅਤੇ ਰੂਰਲ ਡਿਵੈਲਪਮੈਂਟ ਸੀ ਅਤੇ ਉਹ ਇੱਕ ਲੇਖਕ ਵੀ ਸਨ। ਉਨ੍ਹਾਂ ਵਲੋਂ ਸਾਲ 2004 ਤੋਂ 2006 ਤੱਕ ਰੈਵੇਨਿਊ ਕਮਿਸ਼ਨ ਫਾਰ ਫਾਰਮਰਜ਼ , ਭਾਰਤ ਸਰਕਾਰ ਤੇ ਚੇਅਰਮੈਨ ਵਜੋਂ ਸੇਵਾਵਾਂ ਨਿਭਾਈਆਂ ਗਈਆਂ। ਉਨ੍ਹਾਂ ਵਲੋਂ ਸਾਲ 2007 ਤੋਂ 2013 ਤੱਕ ਰਾਜ ਸਭਾ ਦੇ ਮੈਬਰ ਵਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ। ਉਨ੍ਹਾਂ ਨੂੰ ਹਰੀ ਕ੍ਰਾਂਤੀ ਦੇ ਪਿਤਾਮਾ ਵਜੋਂ ਵੀ ਜਾਣਿਆ ਜਾਂਦਾ ਸੀ।

**1105/Karamjit kaur/ Harjinder singh**

**1110/harpreet singh**

ਉਨ੍ਹਾਂ ਨੂੰ ਸਾਲ 1966 ਵਿਚ ਪਦਮਸ਼੍ਰੀ, ਸਾਲ 1972 ਵਿਚ ਪਦਮ ਭੂਸ਼ਣ ਅਤੇ ਸਾਲ 1989 ਵਿਚ ਪਦਮ ਵਿਭੂਸ਼ਣ ਅਤੇ ਹੋਰ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਡਾ. ਸਵਾਮੀਨਾਥਨ ਜੀ ਨੂੰ ਪੰਜਾਬ ਦੀ ਵਿਧਾਨ ਸਭਾ ਤਾਂ ਸ਼ਰਧਾਂਜਲੀ ਭੇਂਟ ਕਰ ਹੀ ਰਹੀ ਹੈ ਪਰ ਜੇਕਰ ਉਨ੍ਹਾਂ ਦੀਆਂ ਸਿਫਾਰਸ਼ਾਂ ਨੂੰ ਵੀ ਲਾਗੂ ਕਰ ਦਿੱਤਾ ਜਾਵੇ ਤਾਂ ਦੇਸ਼ ਵੱਲੋਂ ਵੀ ਇਹ ਬੜੀ ਵੱਡੀ ਸ਼ਰਧਾਂਜਲੀ ਹੋਵੇਗੀ।

ਇਨ੍ਹਾਂ ਤੋਂ ਇਲਾਵਾ ਪ੍ਰੋਫੈਸਰ ਪ੍ਰਿਥੀਪਾਲ ਸਿੰਘ ਕਪੂਰ, ਉੱਘੇ ਸਿੱਖ ਵਿਦਵਾਨ ਅਤੇ ਇਤਿਹਾਸਕਾਰ ਵੀ ਸਾਨੂੰ ਮਿਤੀ 7 ਸਤੰਬਰ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੱਜੋਂ ਸੇਵਾਵਾਂ ਨਿਭਾਈਆਂ ਗਈਆਂ। ਉਹ ਇਤਿਹਾਸ ਦੇ ਪ੍ਰੋਫੈਸਰ ਅਤੇ ਯੂ.ਜੀ.ਸੀ. ਦੇ ਮੈਂਬਰ ਵੀ ਰਹੇ। ਇਸ ਤੋਂ ਇਲਾਵਾ ਉਹ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੇ ਡਾਇਰੈਕਟਰ ਅਤੇ ਰਾਜ ਸਰਕਾਰ ਦੀਆਂ ਵੱਖ-ਵੱਖ ਕਮੇਟੀਆਂ ਦੇ ਮੈਂਬਰ ਵੀ ਰਹੇ। ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿੱਖਇਜ਼ਮ ਇਨਸਾਈਕਲੋਪੀਡੀਆ ਦੇ ਮੁੱਖ ਸੰਪਾਦਕ ਵੀ ਰਹੇ ਅਤੇ ਉਨ੍ਹਾਂ ਨੂੰ ਸਿੱਖ ਸਾਹਿਤ ਵਿਚ ਪਾਏ ਵਡਮੁੱਲੇ ਯੋਗਦਾਨ ਬਦਲੇ ਲਾਈਫ ਟਾਈਮ ਫੈਲੋਸ਼ਿਪ ਵੀ

ਪ੍ਰਦਾਨ ਕੀਤੀ ਗਈ। ਉਹ ਗੁੱਜਰਾਂਵਾਲਾ ਖਾਲਸਾ ਐਜੂਕੇਸ਼ਨ ਕੌਂਸਲ, ਲੁਧਿਆਣਾ ਦੇ ਪ੍ਰਧਾਨ ਰਹੇ ਅਤੇ ਉਨ੍ਹਾਂ ਵੱਲੋਂ ਕਈ ਸਾਲ ਜੀ.ਜੀ.ਐਮ. ਖਾਲਸਾ ਕਾਲਜ ਦੇ ਪ੍ਰਿੰਸੀਪਲ ਵੱਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ।

ਸ਼ਹੀਦ ਅਗਨੀਵੀਰ ਅੰਮ੍ਰਿਤਪਾਲ ਸਿੰਘ ਵੀ ਸਾਨੂੰ ਪਿੱਛੇ ਜਿਹੇ ਸਦੀਵੀ ਵਿਛੋੜਾ ਦੇ ਗਏ ਹਨ। ਉਹ ਪਿੰਡ ਕੋਟਲੀ ਕਲਾਂ, ਜ਼ਿਲ੍ਹਾ ਮਾਨਸਾ ਦੇ ਵਸਨੀਕ ਸਨ, ਜਿਨ੍ਹਾਂ ਨੇ 19 ਵਰ੍ਹਿਆਂ ਦੀ ਉਮਰ ਵਿਚ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੁਸੱਤਾ ਦੀ ਰਾਖੀ ਲਈ ਆਪਣਾ ਫਰਜ਼ ਨਿਭਾਉਂਦਿਆਂ ਹੋਇਆਂ ਸ਼ਹਾਦਤ ਦਿੱਤੀ।

ਸ਼ਹੀਦ ਨਾਇਕ ਸੂਬੇਦਾਰ ਕੁਲਦੀਪ ਸਿੰਘ, ਲਾਂਸ ਨਾਇਕ, ਤੇਲੂ ਰਾਮ, ਸੂਬੇਦਾਰ ਜਤਿੰਦਰ ਕੁਮਾਰ, ਨਾਇਕ ਸੂਬੇਦਾਰ ਰਮੇਸ਼ ਲਾਲ ਜੀ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਸਭਨਾਂ ਨੇ ਦੇਸ਼ ਦੀ ਅਖੰਡਤਾ, ਪ੍ਰਭੁਸੱਤਾ ਅਤੇ ਗੌਰਵਤਾ ਲਈ ਸ਼ਹੀਦੀ ਜਾਮ ਪੀਤਾ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਨ੍ਹਾਂ ਸ਼ਖਸੀਅਤਾਂ ਦੇ ਨਾਮ ਵੀ ਸ਼ਾਮਲ ਕਰ ਲਏ ਜਾਣ।

(ਅਵਾਜ਼ਾਂ: ਹਾਂ ਜੀ, ਹਾਂ ਜੀ।)

**ਜਲ ਸਰੋਤ ਮੰਤਰੀ (ਸ੍ਰੀ ਗੁਰਮੀਤ ਸਿੰਘ ਮੀਤ ਹੇਅਰ):** ਸਪੀਕਰ ਸਾਹਿਬ, ਪਿਛਲੇ ਦਿਨੀ ਡਾ. ਐਸ.ਐਸ. ਗਿੱਲ, ਜੋ ਕਿ ਬਾਬਾ ਫਰੀਦ ਯੂਨੀਵਰਸਿਟੀ, ਫਰੀਦਕੋਟ ਦੇ ਵੀ.ਸੀ. ਵੀ ਰਹੇ ਅਤੇ ਸਾਡੇ ਜ਼ਿਲ੍ਹਾ ਬਰਨਾਲਾ ਦੇ ਛੋਟੇ ਜਿਹੇ ਪਿੰਡ ਦਾਨਗੜ੍ਹ ਤੋਂ ਉੱਠ ਕੇ ਪੀ.ਜੀ.ਆਈ. ਵਿਚ ਆਰਥੋ ਦੇ ਐਚ.ਓ.ਡੀ. ਬਣੇ ਅਤੇ ਨਾਲ ਨਾਲ ਉਹ ਉਸ ਪਰਿਵਾਰ ਵਿਚੋਂ ਹਨ, ਜਿਨ੍ਹਾਂ ਦੇ ਭਰਾ ਸ਼ਹੀਦ ਬ੍ਰਿਗੇਡੀਅਰ ਬਲਵਿੰਦਰ ਸਿੰਘ ਹਨ। ਉਨ੍ਹਾਂ ਦੀ ਭਤੀਜੀ ਸ੍ਰੀਮਤੀ ਅਮ੍ਰਿਤ ਕੋਰ ਸ਼ੇਰਗਿੱਲ ਅੱਜ ਕੱਲ੍ਹ ਆਪਣੇ ਪੰਜਾਬ ਵਿਚ ਡੀ.ਸੀ. ਲੱਗੇ ਹੋਏ ਹਨ।ਉਹ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਹਨ ਅਤੇ ਅੱਜ ਉਨ੍ਹਾਂ ਦਾ ਭੋਗ ਵੀ ਹੈ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਦਾ ਨਾਮ ਵੀ ਸ਼ਾਮਲ ਕਰ ਲਿਆ ਜਾਵੇ।

**ਮਾਨਯੋਗ ਸਪੀਕਰ:** ਜੀ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਨ੍ਹਾਂ ਸ਼ਖਸੀਅਤਾਂ ਦੇ ਨਾਮ ਵੀ ਸ਼ਾਮਲ ਕਰ ਲਏ ਜਾਣ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਪੀਕਰ ਸਾਹਿਬ, ਪਿਛਲੇ ਦਿਨੀ ਮਨੀਪੁਰ ਦੇ ਵਿਚ ਬੜੇ ਬੇਕਸੂਰ ਲੋਕ ਰਾਜਨੀਤਕ ਨਫ਼ਰਤ ਦੀ ਭੇਟ ਚੜ੍ਹੇ ਹਨ। ਹਰਿਆਣਾ ਦੇ ਨੂਹ ਵਿਚ ਵੀ ਇਸੇ ਤਰ੍ਹਾਂ ਦੀ ਹਿੰਸਾ ਹੋਈ। ਉਸ ਵਿਚ ਵੀ ਕਰੀਬ 7 ਲੋਕ ਮਾਰੇ ਗਏ ਅਤੇ ਸੈਂਕੜੇ ਜ਼ਖਮੀ ਹੋਏ। ਸਭ ਤੋਂ ਵੱਡੀ ਗੱਲ ਇਨ੍ਹਾਂ ਦੋਹਾਂ ਸਟੇਟਾਂ ਵਿਚ ਜਿੱਥੇ ਫਿਜ਼ੀਕਲ ਡੈੱਥ ਹੋਈ, ਉੱਥੇ ਨਾਲ ਦੀ ਨਾਲ ਇਨਸਾਨੀਅਤ ਵੀ ਮਰੀ। ਸੋ, ਮੈਂ ਚਾਹਾਂਗਾ ਕਿ ਅਸੀਂ ਉਨ੍ਹਾਂ ਸਾਰਿਆਂ ਨੂੰ ਵੀ ਸ਼ਰਧਾਂਜਲੀ ਦਈਏ।

**ਮਾਨਯੋਗ ਸਪੀਕਰ:** ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼ ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿੱਛੜੀਆਂ ਸ਼ਖਸੀਅਤਾਂ ਦੇ ਪਦ ਚਿੰਨਾਂ ਤੇ ਚੱਲਦੇ ਹੋਏ ਲੋਕਾਂ ਦੀ ਸੇਵਾ ਵਿਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ। ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਵਿੱਛੜੀਆਂ ਸ਼ਖਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ, ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀਕਲਾ ਵਿਚ ਰੱਖਣ ਅਤੇ ਭਾਣਾ ਮੰਨਣ ਦਾ

ਬਲ ਬਖਸ਼ਣ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿੱਛੜੀਆਂ ਸ਼ਖਸਤੀਆਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ?

(ਆਵਾਜ਼ਾਂ: ਹਾਂ ਜੀ, ਹਾਂ ਜੀ।)

**ਡਾਕਟਰ ਰਾਜ ਕੁਮਾਰ**: ਸਪੀਕਰ ਸਾਹਿਬ, ਪਿੱਛੇ ਜਿਹੇ ਜਦੋਂ ਪੰਜਾਬ ਵਿਚ ਹੜ੍ਹ ਆਏ ਤਾਂ ਉਨ੍ਹਾਂ ਹੜ੍ਹਾਂ ਵਿਚ ਸਰਕਾਰ ਦੇ ਅੰਕੜਿਆਂ ਮੁਤਾਬਿਕ 41 ਮੌਤਾਂ ਹੋਈਆਂ। ਸੋ, ਮੇਰੀ ਬੇਨਤੀ ਹੈ ਕਿ ਉਨ੍ਹਾਂ ਦੇ ਨਾਮ ਵੀ ਸ਼ਾਮਲ ਕਰ ਲਏ ਜਾਣ।

**1110/harpreet singh/BS khokhar**

**1115/amandeep kaur**

**ਮਾਣਯੋਗ ਸਪੀਕਰ**: ਹੁਣ, ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿੱਛੜੀਆਂ ਰੂਹਾਂ ਦੀ ਯਾਦ ਵਿੱਚ ਮੌਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਨੇ ਵਿੱਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਖੜ੍ਹੇ ਹੋ ਕੇ ਦੋ ਮਿੰਟ ਲਈ ਮੌਨ ਧਾਰਨ ਕੀਤਾ।)

------

# SHORT ADJOURNMENT OF THE HOUSE

**ਮਾਣਯੋਗ ਸਪੀਕਰ**: ਧੰਨਵਾਦ ਜੀ। ਹੁਣ, ਸਦਨ ਅੱਜ ਮਿਤੀ 20.10.2023 ਦੇ 12.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*11.16 ਵਜੇ ਪੂਰਵ ਦੁਪਹਿਰ) (*ਇਸ ਸਮੇਂ ਸਦਨ ਮਿਤੀ 20 ਅਕਤੂਬਰ, 2023 ਦੇ 12.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

---------

**1115/amandeep kaur/BS khokhar**

**1230/Tarlochan Singh**

*12.30 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ। )

------

# ANNOUNCEMENT BY HON'BLE SPEAKER REGARDING CONDUCTING THE BUSINESS OF THE HOUSE PAPERLESS THROUGH NATIONAL E-VIDHAN APPLICATION

**ਮਾਣਯੋਗ ਸਪੀਕਰ** : ਮੈਨੂੰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਸ ਪਵਿੱਤਰ ਸਦਨ ਦੇ ਨੇਤਾ ਅਤੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੇ ਐਲਾਨ ਮੁਤਾਬਕ ਸੈਸ਼ਨ ਦੀ ਕਾਰਵਾਈ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ ਰਾਹੀਂ ਪੇਪਰਲੈੱਸ ਸ਼ੁਰੂ ਹੋ ਗਿਆ ਹੈ। ਇਸ ਨੂੰ ਲੈੱਸ ਪੇਪਰ ਤੋਂ ਕੰਪਲੀਟ ਪੇਪਰਲੈੱਸ ਦੀ ਦਿਸ਼ਾ ਵੱਲ ਲੈ ਕੇ ਜਾਣਾ ਹੈ। ਇਹ ਸਾਡੇ ਸਾਰਿਆਂ ਲਈ ਮਾਣ ਦੀ ਗੱਲ ਹੈ ਕਿ ਜਿਸ ਸਮੇਂ ਸਦਨ ਅੰਦਰ ਇਹ ਨਵਾਂ ਅਧਿਆਇ ਸ਼ੁਰੂ ਹੋ ਰਿਹਾ ਹੈ, ਉਸ ਦੇ ਅਸੀਂ ਗਵਾਹ ਹੀ ਨਹੀਂ ਬਲਕਿ ਉਸ ਵਿੱਚ ਹਿੱਸੇਦਾਰ ਬਣੇ ਹਾਂ। ਮੈਂ, ਮਾਣਯੋਗ ਮੈਂਬਰ ਸਾਹਿਬਾਨ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਸਦਨ ਨਾਲ ਸਬੰਧਤ ਕੰਮ ਕਾਜ, ਜਿਵੇਂ ਕਿ ਕਾਰਜ ਸੂਚੀ, ਪ੍ਰਸ਼ਨ ਅਤੇ ਉਨ੍ਹਾਂ ਦੇ ਜਵਾਬ, ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ ਆਦਿ ਸਭ ਸਦਨ ਅੰਦਰ ਹਰ ਮਾਣਯੋਗ ਮੈਂਬਰ ਸਾਹਿਬ ਦੀ ਮੇਜ਼ ਤੇ ਲੱਗੇ ਟੱਚ ਸਕਰੀਨ ਤੇ ਉਪਲਬਧ ਹਨ। ਹਰ ਮਾਣਯੋਗ ਮੈਂਬਰ ਨੂੰ ਸਭਾ ਸਕੱਤਰੇਤ ਵੱਲੋਂ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ ਦਾ ਲਾਗਿਨ ਆਈ.ਡੀ. ਅਤੇ ਪਾਸਵਰਡ ਦੇ ਦਿੱਤਾ ਗਿਆ ਹੈ। ਮਾਣਯੋਗ ਮੈਂਬਰ ਸਾਹਿਬਾਨਾਂ ਦੀ ਮੇਜ਼ ਤੇ ਲੱਗੇ ਟੱਚ ਸਕੀਰਨ ਤੇ ਈ-ਬੁੱਕ ਉਪਲਬਧ ਹੈ। ਇਸ ਵਿੱਚ ਲਾਗਿਨ ਆਈ.ਡੀ. ਅਤੇ ਪਾਸਵਰਡ ਐਂਟਰ ਕਰਕੇ ਸਦਨ ਨਾਲ ਸਬੰਧਤ ਸਾਰੇ ਦਸਤਾਵੇਜ਼ ਦੇਖੇ ਜਾ ਸਕਦੇ ਹਨ। ਸੈਸ਼ਨ ਖਤਮ ਹੋਣ ਤੇ ਹਰ ਮਾਣਯੋਗ ਮੈਂਬਰ ਆਪਣੀ-ਆਪਣੀ ਈ-ਬੁੱਕ ਨੂੰ ਲਾਗ-ਆਊਟ ਜ਼ਰੂਰ ਕਰਕੇ ਜਾਣ। ਮੇਰੀ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਜਿਹੜੇ ਉਨ੍ਹਾਂ ਨੂੰ ਆਈ-ਪੈਡ ਦਿੱਤੇ ਗਏ ਹਨ, ਉਨ੍ਹਾਂ ਵਿੱਚ ਸਿਮ ਪਾ ਕੇ ਇੰਟਰਨੈੱਟ ਜ਼ਰੂਰ ਚਲਾ ਲੈਣ ਤਾਂ ਜੋ ਵਾਈ-ਫਾਈ ਦੀ ਰੀਚ ਤੋਂ ਬਾਹਰ ਵੀ ਉਹ ਆਈ-ਪੈਡ ਤੇ ਸਦਨ ਨਾਲ ਸਬੰਧਤ ਦਸਤਾਵੇਜ਼ ਦੇਖ ਸਕਣ। ਮੇਰੀ ਪ੍ਰੈਸ ਨੂੰ ਵੀ ਬੇਨਤੀ ਹੈ ਕਿ ਜਿਹੜੇ ਵੀ ਦਸਤਾਵੇਜ਼ ਸਦਨ ਅੰਦਰ ਮਾਣਯੋਗ ਮੈਂਬਰ ਸਾਹਿਬਾਨਾਂ ਨੂੰ ਟੱਚ ਸਕਰੀਨ ਤੇ ਮੁਹੱਈਆ ਕਰਵਾਏ ਜਾ ਰਹੇ ਹਨ, ਉਹ ਸਾਰੇ ਦਸਤਾਵੇਜ਼ ਨੇਵਾ ਦੀ ਮੋਬਾਈਲ ਐਪ ਅਤੇ ਵੈੱਬਸਾਈਟ ਤੇ ਵੀ ਸਮੇਂ-ਸਮੇਂ ਤੇ ਉਪਲਬਧ ਹੋਣਗੇ, ਜਿੱਥੋਂ ਉਹ ਇਨ੍ਹਾਂ ਸਾਰੇ ਦਸਤਾਵੇਜ਼ਾਂ ਸਬੰਧੀ ਸਾਰੀ ਜਾਣਕਾਰੀ ਲੈ ਸਕਦੇ ਹਨ।

ਕਿਉਂਕਿ ਇਸ ਐਪਲੀਕੇਸ਼ਨ ਨੂੰ ਪਹਿਲੀ ਦਫਾ ਸਦਨ ਦੀ ਕਾਰਵਾਈ ਲਈ ਵਰਤਿਆ ਜਾ ਰਿਹਾ ਹੈ, ਹੋ ਸਕਦਾ ਹੈ ਕਿ ਕਿਸੇ ਵੀ ਮਾਣਯੋਗ ਮੈਂਬਰ ਨੂੰ ਇਸ ਰਾਹੀਂ ਕੰਮ ਕਰਨ ਵਿੱਚ ਥੋੜ੍ਹੀ ਬਹੁਤ ਦਿੱਕਤ ਆ ਰਹੀ ਹੋਵੇ, ਮੇਰੀ ਸਾਰੇ ਮੈਂਬਰ

ਸਾਹਿਬਾਨ ਨੂੰ ਬੇਨਤੀ ਹੈ ਕਿ ਕਿਸੇ ਵੀ ਕਿਸਮ ਦੀ ਦਿੱਕਤ ਆਉਣ ਤੇ ਵਿਧਾਨ ਸਭਾ ਵਿੱਚ ਬਣਾਏ ਗਏ ਨੇਵਾ ਸੇਵਾ ਕੇਂਦਰ ਵਿੱਚ ਇਸ ਸਬੰਧੀ ਸਹਾਇਤਾ ਲਈ ਜਾ ਸਕਦੀ ਹੈ। ਸਦਨ ਅੰਦਰ ਸੈਸ਼ਨ ਦੌਰਾਨ ਕਿਸੇ ਵੀ ਕਿਸਮ ਦੀ ਤਕਨੀਕੀ ਸਹਾਇਤਾ ਲਈ ਮਾਣਯੋਗ ਮੈਂਬਰ ਸਾਹਿਬਾਨਾਂ ਦੀਆਂ ਸੀਟਾਂ ਦੇ ਪਿਛਲੇ ਪਾਸੇ ਤਕਨੀਕੀ ਟੀਮ ਦੇ ਮੈਂਬਰ ਹਰ ਸਮੇਂ ਤੁਹਾਡੀ ਸੇਵਾ ਲਈ ਉਪਲਬਧ ਰਹਿਣਗੇ।

ਮੈਂ ਸਦਨ ਨੂੰ ਇਹ ਵੀ ਜਾਣਕਾਰੀ ਦੇਣੀ ਚਾਹੁੰਦਾ ਹਾਂ ਕਿ ਸੈਸ਼ਨ ਦੌਰਾਨ ਵਿਭਾਗੀ ਅਧਿਕਾਰੀਆਂ ਦੀ ਸਹਾਇਤਾ ਲਈ ਪੰਜਾਬ ਸਿਵਲ ਸਕੱਤਰੇਤ-1 ਅਤੇ ਪੰਜਾਬ ਸਿਵਲ ਸਕੱਤਰੇਤ-2 ਵਿੱਚ ਵਿਧਾਨ ਸਭਾ ਵੱਲੋਂ ਐਨ.ਆਈ.ਸੀ. ਦੇ ਸਹਿਯੋਗ ਨਾਲ ਦੋ ਸਹਾਇਤਾ ਕੇਂਦਰ ਵੀ ਖੋਲ੍ਹੇ ਗਏ ਹਨ।

ਮੈਂ, ਸਾਰੇ ਮਾਨਯੋਗ ਮੈਂਬਰ ਸਾਹਿਬਾਨਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਣ ਵਿਧਾਨ ਸਭਾ ਸਕੱਤਰੇਤ ਵੱਲੋਂ ਸਦਨ ਸਬੰਧੀ ਦਸਤਾਵੇਜ਼ਾਂ ਦੀ ਕੋਈ ਵੀ ਹਾਰਡ ਕਾਪੀ ਨਹੀਂ ਭੇਜੀ ਜਾਇਆ ਕਰੇਗੀ। ਸਦਨ ਸਬੰਧੀ ਸਾਰੇ ਪੇਪਰ ਮੈਂਬਰ ਸਾਹਿਬਾਨਾਂ ਨੂੰ ਉਨ੍ਹਾਂ ਦੀ ਈ-ਮੇਲ ਆਈ.ਡੀ. ਅਤੇ ਮੈਂਬਰ ਦੇ ਨੇਵਾ ਲਾਗਿਨ ਆਈ.ਡੀ. ਤੇ ਹੀ ਭੇਜੇ ਜਾਇਆ ਕਰਨਗੇ। ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਉਹ ਆਪਣੀ ਈ-ਮੇਲ ਆਈ.ਡੀ. ਸਮੇਂ-ਸਮੇਂ ਤੇ ਚੈੱਕ ਕਰਦੇ ਰਿਹਾ ਕਰਨ।

ਇਸ ਤੋਂ ਇਲਾਵਾ ਸੈਸ਼ਨ ਸਬੰਧੀ ਅਤੇ ਮਾਣਯੋਗ ਮੈਂਬਰ ਸਾਹਿਬਾਨਾਂ ਸਬੰਧੀ ਜਾਣਕਾਰੀ ਪੰਜਾਬ ਵਿਧਾਨ ਸਭਾ ਦੀ ਵੈੱਬਸਾਈਟ www.punjabassembly.nic.in ਅਤੇ ਨੇਵਾ ਐਪ ਤੇ ਵੀ ਸ਼ੇਅਰ ਕੀਤੀ ਜਾਂਦੀ ਹੈ। ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਉਹ ਐਂਡਰਾਇਡ ਜਾਂ ਐਪਲ ਸਟੋਰ ਤੋਂ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ ਦਾ ਮੋਬਾਈਲ ਐਪ ਡਾਊਨਲੋਡ ਕਰ ਸਕਦੇ ਹਨ। ਅਗਰ ਇਸ ਸਬੰਧੀ ਫਿਰ ਵੀ ਕੋਈ ਦਿੱਕਤ ਆਉਂਦੀ ਹੈ ਤਾਂ ਜਿਹੜਾ ਇੱਥੇ ਨੇਵਾ ਸੇਵਾ ਕੇਂਦਰ ਖੋਲ੍ਹਿਆ ਗਿਆ ਹੈ, ਉਥੋਂ ਮਦਦ ਲੈ ਕੇ ਚਾਲੂ ਕਰ ਸਕਦੇ ਹਾਂ।

ਵਿਧਾਨ ਸਭਾ ਸਕੱਤਰੇਤ ਵੱਲੋਂ All MLAs Punjab Vidhan Sabha ਨਾਮ ਦਾ ਇੱਕ ਵੱਟਸਐਪ ਗਰੁੱਪ ਵੀ ਬਣਾਇਆ ਗਿਆ ਹੈ, ਜਿਸ ਵਿੱਚ ਸਦਨ ਅਤੇ ਵਿਧਾਨ ਸਭਾ ਨਾਲ ਸਬੰਧਤ ਮਹੱਤਵਪੂਰਨ ਦਸਤਾਵੇਜ਼ ਮਾਣਯੋਗ ਮੈਂਬਰ ਸਾਹਿਬਾਨਾਂ ਦੀ ਜਾਣਕਾਰੀ ਲਈ ਸ਼ੇਅਰ ਕੀਤੇ ਜਾਂਦੇ ਹਨ। ਮੇਰੇ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਮਾਣਯੋਗ ਮੈਂਬਰ ਇਸ ਵੱਟਸਐਪ ਗਰੁੱਪ ਤੇ ਪਾਏ ਗਏ ਦਸਤਾਵੇਜ਼ਾਂ ਨੂੰ ਨਹੀਂ ਪੜ੍ਹ ਰਹੇ।

**1230/Tarlochan Singh/Rajneesh kumar**

**1235/mehak**

ਮੇਰੀ ਸਾਰੇ ਮਾਣਯੋਗ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਇਸ ਵਾਟਸਐੱਪ ਗਰੁੱਪ ਤੇ ਜੋ ਵੀ ਦਸਤਾਵੇਜ਼ ਪਾਏ ਜਾਂਦੇ ਹਨ, ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਪੜ੍ਹਿਆ ਜਾਵੇ ਤਾਂ ਜੋ ਤੁਸੀਂ ਸਦਨ ਅਤੇ ਵਿਧਾਨ ਸਭਾ ਨਾਲ ਸਬੰਧਿਤ ਹਰ

ਜਾਣਕਾਰੀ ਤੋਂ ਅਪਡੇਟ ਹੋ ਸਕੋ। ਜੇਕਰ ਕਿਸੇ ਵੀ ਮਾਣਯੋਗ ਮੈਂਬਰ ਦਾ ਨੰਬਰ ਇਸ ਵਾਟਸਐੱਪ ਗਰੁੱਪ ਵਿੱਚ ਸ਼ਾਮਲ ਹੋਣ ਤੋਂ ਰਹਿ ਗਿਆ ਹੈ ਤਾਂ ਉਹ ਸਕੱਤਰ, ਪੰਜਾਬ ਵਿਧਾਨ ਸਭਾ ਦੇ ਧਿਆਨ ਵਿੱਚ ਲਿਆ ਕੇ ਆਪਣਾ ਨੰਬਰ ਇਸ ਗਰੁੱਪ ਵਿੱਚ ਸ਼ਾਮਿਲ ਕਰਵਾ ਸਕਦਾ ਹੈ ਜਾਂ ਕਈ ਵਾਰੀ ਨੰਬਰ ਚੇਂਜ ਹੋ ਜਾਂਦਾ ਹੈ ਤਾਂ ਨੰਬਰ ਅਪਡੇਟ ਕਰਵਾਉਣ ਦੀ ਵੀ ਲੋੜ ਪੈ ਸਕਦੀ ਹੈ। ਮੈਂ ਇਸ ਪ੍ਰੋਜੈਕਟ ਨੂੰ ਸਫਲਤਾਪੂਰਵਕ ਚਲਾਉਣ ਲਈ ਐਨ.ਆਈ.ਸੀ. ਅਤੇ ਸੰਸਦੀ ਕਾਜ ਮੰਤਰਾਲਾ, ਨਵੀਂ ਦਿੱਲੀ ਵੱਲੋਂ ਦਿੱਤੇ ਗਏ ਸਹਿਯੋਗ ਦੀ ਵੀ ਸ਼ਲਾਘਾ ਕਰਦਾ ਹਾਂ। ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਸਦਨ ਦੀ ਪੇਪਰਲੈਸ ਕਾਰਵਾਈ ਨੂੰ ਸਫਲ ਬਣਾਉਣ ਲਈ ਤੁਹਾਡੇ ਸਾਰਿਆਂ ਦੇ ਸਹਿਯੋਗ ਦੀ ਲੋੜ ਹੈ। ਮੈਨੂੰ ਪੂਰਨ ਆਸ ਹੈ ਕਿ ਤੁਸੀਂ ਸਾਰੇ ਅਤੇ ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੇ ਪ੍ਰਬੰਧਕੀ ਸਕੱਤਰ ਇਸ ਵਿੱਚ ਪੂਰਾ ਸਹਿਯੋਗ ਦੇਣਗੇ। ਸਦਨ ਦੀ ਕਾਰਵਾਈ ਦਾ ਕੰਮ ਸਫਲਤਾਪੂਰਵਕ ਨੇਪਰੇ ਚਾੜਨ ਤੇ ਪੰਜਾਬ ਵਿਧਾਨ ਸਭਾ ਵੱਲੋਂ ਵਿਧਾਨ ਸਭਾ ਦੀ ਕਮੇਟੀਆਂ ਦੇ ਕੰਮ-ਕਾਰ ਨੂੰ ਵੀ ਪੇਪਰਲੈਸ ਕਰਨ ਵੱਲ ਕਦਮ ਪੁੱਟਿਆ ਜਾਵੇ। ਮੈਨੂੰ ਪੂਰਨ ਆਸ ਹੈ ਕਿ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਅਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਇਸ ਵਿੱਚ ਪੂਰਾ ਸਹਿਯੋਗ ਦੇਣਗੇ। ਧੰਨਵਾਦ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਬਾਜਵਾ ਜੀ, ਆਪਾਂ ਪਹਿਲਾਂ ਪ੍ਰਸ਼ਨ ਲੈ ਲਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਪ੍ਰਸ਼ਨ ਲੈਣ ਤੋਂ ਪਹਿਲਾਂ ਦੋ ਮਿੰਟ ਬਹੁਤ ਜ਼ਰੂਰੀ ਹਨ।

**ਮਾਣਯੋਗ ਸਪੀਕਰ:** ਆਪਾਂ ਜ਼ੀਰੋ ਆਵਰ ਵਿੱਚ ਕਰ ਲਵਾਂਗੇ, ਇਹ ਠੀਕ ਰਹੇਗਾ, ਨਹੀਂ ਤਾਂ ਪ੍ਰਸ਼ਨ ਰਹਿ ਜਾਣਗੇ, ਪ੍ਰਸ਼ਨ ਸਾਰੇ ਜ਼ਰੂਰੀ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇੱਕ ਮਿੰਟ ਦੇ ਦਿਓ ਜੀ।

**ਮਾਣਯੋਗ ਸਪੀਕਰ:** ਆਪਾਂ ਪਹਿਲਾਂ ਪ੍ਰਸ਼ਨ ਤਾਂ ਲੈ ਲਈਏ ਜੀ। ਬਾਜਵਾ ਜੀ, ਮੇਰੇ ਖਿਆਲ ਵਿੱਚ ਤੁਹਾਨੂੰ ਖੁੱਲ੍ਹਾ ਜ਼ੀਰੋ ਆਵਰ ਮਿਲੇਗਾ। You will get. ਆਪਾਂ ਪ੍ਰਸ਼ਨ ਕਾਲ ਚੱਲਣ ਦੇਈਏ। ਤੁਹਾਡੇ ਸਾਥੀ ਸ੍ਰੀ ਸੁਖਵਿੰਦਰ ਕੋਟਲੀ ਜੀ ਦਾ ਪ੍ਰਸ਼ਨ ਲਗਿਆ ਹੋਇਆ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੈਂ ਸਮਝ ਗਿਆ ਜੀ, ਸਾਰੇ ਮੇਰੇ ਹੀ ਸਾਥੀ ਹਨ। ਮੇਰੀ ਇੱਕ ਬੇਨਤੀ ਸੁਣ ਲਓ। ਸਭ ਤੋਂ ਮਹੱਤਵਪੂਰਣ ਗੱਲ ਹੈ ਕਿ ਪੰਜਾਬ ਵਿੱਚ there is a big constitutional crisis today. ਹੈੱਡ ਆਫ ਦਿ ਸਟੇਟ, ਗਵਰਨਰ ਨੇ ਕੱਲ੍ਹ ਚਿੱਠੀ ਲਿਖ ਕੇ ਕਹਿ ਦਿੱਤਾ ਹੈ ਤੇ ਪਹਿਲੇ ਵੀ ਚਿੱਠੀ ਲਿਖੀ ਹੈ ਕਿ ਇਸ ਸੈਸ਼ਨ ਨੂੰ ਮੈਂ ਮਹੱਤਤਾ ਹੀ ਨਹੀਂ ਦਿੰਦਾ ਹਾਂ। This is a illegal session through the custodian of the House. ਮਾਣਯੋਗ ਸਪੀਕਰ ਸਾਹਿਬ,

ਜੇ ਵੇਖਿਆ ਜਾਵੇ ਤਾਂ ਪਿਛਲੀ ਮਾਰਚ ਵਿੱਚ ਹੀ constitutionally approved ਸੈਸ਼ਨ ਹੋਇਆ ਹੈ। ਛੇ ਮਹੀਨਿਆਂ ਵਿੱਚ ਸੈਸ਼ਨ ਬੁਲਾਉਣਾ ਹੁੰਦਾ ਹੈ, ਤੁਸੀਂ ਸੈਸ਼ਨ ਬੁਲਾਇਆ ਨਹੀਂ ਤੇ ਉਸ ਨੂੰ sine die ਕਰਦੇ ਰਹੇ। For what reason? 75 ਸਾਲਾਂ ਵਿੱਚ ਅੱਗੇ ਕਦੇ ਇਹ ਕੰਮ ਨਹੀਂ ਹੋਇਆ। ਜੇ ਸੈਸ਼ਨ ਹੀ ਇਲਲੀਗਲ ਹੈ, ਤੁਹਾਡੇ ਪਿਛਲੇ ਬਿਲ ਪਏ ਹਨ, ਉਨ੍ਹਾਂ ਨੂੰ ਮਨਜ਼ੂਰੀ ਹੀ ਨਹੀਂ ਦਿੱਤੀ, ਹੁਣ ਮਨੀ ਬਿਲਜ਼ ਨੂੰ ਵੀ ਮਨਜ਼ੂਰੀ ਨਹੀਂ ਦਿੱਤੀ। ਜਿੰਨਾ ਪੈਸਾ ਅਸੀਂ ਪੰਜਾਬ ਦਾ ਖਰਚ ਕਰ ਰਹੇ ਹਾਂ ਜਾਂ ਜਿਹੜੀ ਵੀ ਇੱਥੇ ਬਹਿਸ ਹੋਣੀ ਹੈ ਜਾਂ ਅੱਜ ਵੀ ਤੁਸੀਂ ਜੋ ਬਿਲ ਲੈ ਕੇ ਆਉਣੇ ਹਨ, ਉਸ ਦਾ ਸਾਰਾ ਮਕਸਦ ਹੀ defeat ਹੋ ਜਾਂਦਾ ਹੈ। Is it not better what the Governor suggested ਕਿ ਤੁਸੀਂ ਘੱਟੋ ਘੱਟ ਨਵੇਂ ਸਿਰਿਓਂ ਸੈਸ਼ਨ ਬੁਲਾਉਂਦੇ। ਤੁਸੀਂ ਇਹ ਨਹੀਂ ਦੱਸ ਸਕੇ ਕਿ is it a part of the Monsoon session or winter session. ਉਨ੍ਹਾਂ ਨੇ ਵੀ ਇਹੀ ਗੱਲ ਕਹੀ ਹੈ ਕਿ ਤੁਸੀਂ ਨਵੇਂ ਸਿਰਿਓਂ ਮਨਜ਼ੂਰੀ ਲਓ ਮੈਂ ਮਨਜ਼ੂਰੀ ਦੇਣ ਨੂੰ ਤਿਆਰ ਹਾਂ। ਸਾਰੇ ਬਿਲ ਵੀ rectify ਹੋ ਜਾਣਗੇ। ਸਾਰਾ ਹਾਊਸ ਵੀ rectify ਹੋ ਜਾਵੇਗਾ। ਹੁਣ ਸਾਡੀ ਮਜਬੂਰੀ ਕੀ ਹੈ। As a opposition, ਪੰਜਾਬ ਵਿੱਚ ਬਹੁਤ ਵੱਡੇ ਮੁੱਦੇ ਹਨ, ਉਨ੍ਹਾਂ ਮੁੱਦਿਆਂ ਨੂੰ ਤੁਸੀਂ ਲੈ ਕੇ ਨਹੀਂ ਆਉਂਦੇ। ਲੋਕ ਕਹਿੰਦੇ ਹਨ ਕਿ ਤੁਸੀਂ ਸੈਸ਼ਨ ਕਿਉਂ ਨਹੀਂ ਅਟੈਂਡ ਕੀਤਾ। ਸੈਸ਼ਨ ਤਾਂ ਸਾਨੂੰ ਪਤਾ ਨਹੀਂ ਕਿ ਲੀਗਲ ਹੈ ਜਾਂ ਇਲਲੀਗਲ ਹੈ। Governor says it ..... ਅੱਜ ਬਹੁਤ ਮਹੱਤਵਪੂਰਣ ਗੱਲ ਹੈ ਐਸ.ਵਾਈ.ਐੱਲ ਦੀ, ਇਹ ਸਾਡੀ ਸ਼ਾਹਰਗ ਹੈ। ਕਿਰਪਾ ਕਰਕੇ ਦੱਸੋ ਕਿ ਕੀ ਉਸ ਉਤੇ ਕੋਈ ਬਹਿਸ ਰੱਖੀ ਹੈ ਜਾਂ ਨਹੀਂ।

**ਮਾਣਯੋਗ ਸਪੀਕਰ:** ਤੁਸੀਂ ਬੈਠੋ, ਆਪਾਂ ਇਹ ਡਿਸਕਸ ਕਰ ਲੈਂਦੇ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇੱਕ ਮਿੰਟ ਸਰ, ਇੱਕ ਮਿੰਟ, ਸਰ।

**ਮਾਣਯੋਗ ਸਪੀਕਰ:** ਇੱਕ ਮਿੰਟ ਬਾਜਵਾ ਜੀ, ਹੁਣ ਮੇਰੀ ਬੇਨਤੀ ਸੁਣ ਲਓ। ਜਿਹੜਾ ਪ੍ਰਸ਼ਨ ਕਾਲ ਹੁੰਦਾ ਹੈ, ਇਹ ਬੜਾ sacrosanct ਹੈ। ਜ਼ੀਰੋ ਆਵਰ ਵਿੱਚ ਤੁਸੀਂ ਬੜੀਆਂ ਮਹੱਤਵਪੂਰਣ ਗੱਲਾਂ ਕਰਨੀਆਂ ਹਨ, ਉਦੋਂ ਕਰ ਲੈਣਾ, ਹੁਣ ਆਪਾਂ ਪ੍ਰਸ਼ਨ ਕਾਲ ਕਰ ਲਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਇਹ sacrosanct ਤਾਂ ਹੋਵੇਗਾ ਜੇ ਇਹ ਸੈਸ਼ਨ ਲੀਗਲ ਹੋਵੇਗਾ।

**ਮਾਣਯੋਗ ਸਪੀਕਰ**: ਠੀਕ ਹੈ, ਬੈਠੋ ਤੁਸੀਂ, ਆਪਾਂ ਡਿਸਕਸ ਕਰ ਲੈਂਦੇ ਹਾਂ। ਆਪਾਂ ਡਿਸਕਸ ਕਰ ਲੈਂਦੇ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਸੀਂ ਕੋਟਕਪੂਰੇ ਨਾਲ ਸਬੰਧ ਰੱਖਦੇ ਹੋ।

**ਮਾਣਯੋਗ ਸਪੀਕਰ:** ਤੁਸੀਂ ਹੁਣ ਬੈਠੋ, ਆਪਾਂ ਕਰ ਲੈਂਦੇ ਹਾਂ ਡਿਸਕਸ। ਤੁਸੀਂ ਬੈਠੋ। ਸ਼੍ਰੀ ਸੁਖਵਿੰਦਰ ਸਿੰਘ ਕੋਟਲੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਹਾਡੇ ਆਪਣੇ ਕੁਲੀਗ, he has a question on Bargarhi. ਕਿਰਪਾ ਕਰਕੇ ਸਾਨੂੰ ਉਸ ਦਾ ਜਵਾਬ ਤਾਂ ਦਿਓ।

**ਮਾਣਯੋਗ ਸਪੀਕਰ:** ਮੈਂ ਇੱਕ ਗੱਲ ਕਲੀਅਰ ਕਰ ਦੇਣੀ ਚਾਹੁੰਦਾ ਹਾਂ ਕਿ ਪੰਜਾਬ ਦੀ ਵਿਧਾਨ ਸਭਾ ਬਿਲਕੁਲ ਪੰਜਾਬ ਦੇ ਮੁੱਦਿਆਂ ਨੂੰ ਡਿਸਕਸ ਕਰਨ ਲਈ ਬਣੀ ਹੈ। ਕੋਟਕਪੂਰੇ ਦਾ ਮੁੱਦਾ ਵੀ ਡਿਸਕਸ ਹੋਵੇਗਾ, ਬਰਗਾੜੀ ਦਾ ਮੁੱਦਾ ਵੀ ਡਿਸਕਸ ਹੋਵੇਗਾ, ਸਭ ਕੁਝ ਡਿਸਕਸ ਹੋਵੇਗਾ ਲੇਕਿਨ ਜੋ ਵਿਧੀ ਵਿਧਾਨ ਹੈ, ਜੋ ਪ੍ਰਸ਼ਨ ਕਾਲ ਹੈ, ਕੀ ਤੁਸੀਂ ਉਸ ਨੂੰ ਲੈਣਾ ਨਹੀਂ ਚਾਹੁੰਦੇ?

**1235/mehak/Rajneesh kumar**

**1240/Sukhpiar Singh**

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਬਿਲਕੁਲ ਚਾਹੁੰਦੇ ਹਾਂ।

**ਮਾਣਯੋਗ ਸਪੀਕਰ:** ਫਿਰ ਸੁਣ ਲਵੋ। (ਵਿਘਨ) (ਸ਼ੋਰ) ਫਿਰ ਜ਼ੀਰੋ ਆਵਰ ਵਿੱਚ ਗੱਲ ਕਰ ਲੈਣਾ।

**Sardar Partap Singh Bajwa:** Is it a Legal Session?

**ਮਾਣਯੋਗ ਸਪੀਕਰ:** ਆਪਾਂ ਗੱਲ ਕਰ ਲੈਂਦੇ ਹਾਂ। ਅਗਰ ਸੈਸ਼ਨ ਹੋ ਰਿਹਾ ਹੈ (ਵਿਘਨ) (ਸ਼ੋਰ)।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਅੱਛਾ ਤੁਸੀਂ ਦੱਸ ਦਿਉ, is it a legal Session?

**ਮਾਣਯੋਗ ਸਪੀਕਰ:** ਅਗਰ ਸੈਸ਼ਨ ਹੋ ਰਿਹਾ ਹੈ ਤਾਂ ਫਿਰ ਲੀਗਲ ਤਰੀਕੇ ਨਾਲ ਹੀ ਹੋ ਰਿਹਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਗਵਰਨਰ ਸਾਹਿਬ ਕਹਿ ਰਹੇ ਹਨ ਕਿ ਇਲੀਗਲ ਸੈਸ਼ਨ ਹੈ।

**ਮਾਣਯੋਗ ਸਪੀਕਰ:** ਆਪਾਂ ਉਨ੍ਹਾਂ ਦੀ ਗੱਲ ਵੀ ਡਿਸਕਸ ਕਰ ਲੈਂਦੇ ਹਾਂ। ਡਿਸਕਸ ਕਰ ਲੈਂਦੇ ਹਾਂ, ਹੋ ਜਾਵੇਗੀ, ਤੁਸੀਂ ਫਿਰ ਪਲੀਜ਼ ਬੈਠੋ।ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਜੀ, ਕੀ ਤੁਸੀਂ ਆਪਣਾ ਸਵਾਲ ਲੈਣਾ ਚਾਹੁੰਦੇ ਹੋ? (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਇੱਕ ਮਿੰਟ। ਹਮੇਸ਼ਾ ਜਦੋਂ ਤੁਸੀਂ ਆਪੋਜ਼ੀਸ਼ਨ ਵਿੱਚ ਸੀ, you were a prominent member. ਤੁਸੀਂ ਪਿਛਲੀਆਂ ਸਰਕਾਰ ਨੂੰ ਕਹਿੰਦੇ ਰਹੇ ਹੋ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ:** ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇੱਕ-ਇੱਕ ਦਿਨ ਦਾ ਸੈਸ਼ਨ ਹੁੰਦਾ ਸੀ। (ਵਿਘਨ) (ਸ਼ੋਰ) ਸਾਡੇ ਹਾਊਸ ਵਿੱਚ ਕੋਈ ਬਿਜ਼ਨਸ ਦਾ ਨਹੀਂ ਪਤਾ ਹੈ।

**ਮਾਣਯੋਗ ਸਪੀਕਰ:** ਜੇਕਰ ਪ੍ਰਸ਼ਨ ਨਹੀਂ ਲੈਣਾ ਚਾਹੁੰਦੇ ਤਾਂ ਮੈਂ ਅਗਲੇ ਕੁਐਸਚਨ ਤੇ ਚੱਲਾਂ?

**ਸ੍ਰੀ ਸੁਖਵਿੰਦਰ ਸਿੰਘ ਕੋਟਲੀ:** ਸਰ, ਮੈਂ ਤਾਂ ਖੜ੍ਹਾ ਹੀ ਹਨ। ਤੁਸੀਂ ਉਨ੍ਹਾਂ ਦੀ ਗੱਲ ਤਾਂ ਸੁਣ ਲਵੋ।

**ਮਾਣਯੋਗ ਸਪੀਕਰ:** ਹੁਣ ਗੱਲ ਤਾਂ ਸੁਣ ਲਈ ਜੀ। ਹੁਣ ਗੱਲ ਆ ਗਈ ਹੈ, ਹੁਣ ਆਪਾਂ ਇੱਕੋ ਗੱਲ ਨੂੰ ਰਗੜੀ ਜਾਈਏ? ਆਪਾਂ ਹੁਣ ਟਾਈਮ ਕਿਉਂ ਖਰਾਬ ਕਰਦੇ ਹਨ?

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਟਾਈਮ ਨਹੀਂ ਖਰਾਬ ਕਰ ਰਹੇ ਹਾਂ। ਜੇਕਰ ਸੈਸ਼ਨ ਹੀ ਇਲਲੀਗਲ ਹੈ ਤਾਂ ਜਿੰਨਾ ਮਰਜ਼ੀ ਵਕਤ ਲਗਾ ਦਿਉ ਫਿਰ ਵੀ ਸਾਰਾ ਕੁਝ ਜ਼ੀਰੋ ਹੀ ਹੋਵੇਗਾ।

**ਮਾਣਯੋਗ ਸਪੀਕਰ:** ਸਰ, ਤੁਸੀਂ ਕੁਝ ਡਿਸਕਸ ਤਾਂ ਕਰ ਲਵੋ। (ਵਿਘਨ) (ਸ਼ੋਰ) ਆਪਾਂ ਇੱਥੇ ਆਏ ਹਾਂ। ਕੁਝ ਡਿਸਕਸ ਕਰ ਲਵੋ। ਆਪਾਂ legality, illegality ਵਾਲੀ ਗੱਲ ਤੇ ਵੀ ਆਵਾਂਗੇ, we will discuss each and every thing.

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਸੀਂ ਰੂਲਿੰਗ ਦਿਉ, legality, illegality ਤੁਸੀਂ ਦੱਸੋ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਾਣਯੋਗ ਸਪੀਕਰ ਸਾਹਿਬ ਤੋਂ ਸੈਸ਼ਨ ਸਬੰਧੀ ਰੂਲਿੰਗ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਸਪੀਕਰ ਦੇ ਤੌਰ ਤੇ ਚੇਅਰ ਇਸ ਸੈਸ਼ਨ ਨੂੰ ਲੀਗਲ ਮੰਨਦੀ ਹੈ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਕੀ ਗਵਰਨਰ ਸਾਹਿਬ ਗਲਤ ਹਨ? (ਵਿਘਨ) (ਸ਼ੋਰ)

**ਮਾਣਯੋਗ ਸਪੀਕਰ:** ਇਹ ਡਿਸਕਸ ਕਰਾਂਗੇ। ਮੇਰੇ ਕੋਲ ਹਾਲੇ ਤੱਕ ਗਵਰਨਰ ਦੀ ਕੋਈ ਕਮਿਊਨੀਕੇਸ਼ਨ ਨਹੀਂ ਆਈ ਹੈ। ਮੇਰੇ ਕੋਲ ਕੋਈ ਵੀ ਗਵਰਨਰ ਦੀ ਕਮਿਊਨੀਕੇਸ਼ਨ ਨਹੀਂ ਆਈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇਹ ਮੇਰੇ ਕੋਲ ਪਈ ਹੈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਇੱਕ ਚਿੱਠੀ ਆਪਣੇ ਹੱਥ ਵਿੱਚ ਲਹਿਰਾ ਰਹੇ ਸਨ।)

**ਮਾਣਯੋਗ ਸਪੀਕਰ:** ਇਹ ਤੁਹਾਡੇ ਕੋਲ ਆ ਗਈ ਹੋਣੀ ਹੈ। ਇਹ ਮੇਰੇ ਕੋਲ ਨਹੀਂ ਆਈ। ਜਦੋਂ ਤੱਕ ਮੇਰੇ ਕੋਲ ਨਹੀਂ ਆਈ, ਮੈਂ ਨਹੀਂ ਕੁਝ ਕਰਾਂਗਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਹਾਡੇ ਕੋਲ ਬਕਾਇਦਾ ਤੌਰ ਤੇ ਆਈ ਹੈ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ:** ਤੁਸੀਂ ਹੁਣ ਬੈਠੋ, ਤੁਸੀਂ ਬੈਠੋ, ਠੀਕ ਹੈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਨੇ ਇੱਕ ਚਿੱਠੀ ਸਦਨ ਦੀ ਮੇਜ਼ ਤੇ ਰੱਖੀ। ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਕੀ ਆਪਾਂ ਹੁਣ ਇੱਥੇ ਚੁਟਕਲੇ ਸੁਣਾਉਣੇ ਹਨ ਜਾਂ ਪੰਜਾਬ ਦਾ ਕੁਝ ਡਿਸਕਸ ਕਰਨਾ ਹੈ? ਜੇ ਤਾਂ ਪੰਜਾਬ ਦਾ ਕੁਝ ਡਿਸਕਸ ਕਰਨਾ ਹੈ ਤਾਂ ਕਿਰਪਾ ਕਰਕੇ ਪ੍ਰਸ਼ਨ ਕਾਲ ਚੱਲਣ ਦਿਉ। ਚੀਮਾ ਸਾਹਿਬ ਕੁਝ ਬੋਲਣਾ ਚਾਹੁੰਦੇ ਹਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਇੱਕ ਮਿੰਟ ਧਾਲੀਵਾਲ ਸਾਹਿਬ, ਧਾਲੀਵਾਲ ਸਾਹਿਬ ਪਲੀਜ਼। (ਵਿਘਨ) (ਸ਼ੋਰ)

(ਇਸ ਸਮੇਂ ਪ੍ਰਸ਼ਾਸਨਿਕ ਸੁਧਾਰ ਮੰਤਰੀ, ਸਰਦਾਰ ਕੁਲਦੀਪ ਸਿੰਘ ਧਾਲੀਵਾਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਬਹਿਸ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਚੀਮਾ ਸਾਹਿਬ ਬੋਲਣਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸਪੀਕਰ ਸਾਹਿਬ, ਤੁਹਾਡੀ ਜਜਮੈਂਟ, pronounce ਹੋ ਗਈ ਹੈ ਕਿ ਸੈਸ਼ਲ ਲੀਗਲ ਹੈ ਤਾਂ ਮੈਂ ਸਮਝਦਾ ਹਾਂ ਕਿ ਆਪੋਜ਼ੀਸ਼ਨ ਨੇ query ਪਾਈ ਸੀ। ਮਿਸਟਰ ਰਾਜਾ ਜੀ ਤੇ ਬਾਜਵਾ ਜੀ, ਤੁਸੀਂ ਕਿਹਾ ਸੀ ਕਿ ਸਪੀਕਰ ਸਾਹਿਬ ਡਿਸਾਈਡ ਕਰਨ whether session is legal or illegal? ਉਨ੍ਹਾਂ ਨੇ ਆਪਣੀ ਜਜਮੈਂਟ ਦੇ ਦਿੱਤੀ ਹੈ, ਸੈਸ਼ਨ ਲੀਗਲ ਹੈ। ਹੁਣ ਤੁਹਾਨੂੰ ਬੈਠ ਕੇ ਪਾਰਟੀਸੀਪੇਟ ਕਰਨਾ ਚਾਹੀਦਾ ਹੈ ਔਰ ਤੁਹਾਨੂੰ ਸਾਰੇ ਜਵਾਬ ਮਿਲਣਗੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜਾਂ ਫਿਰ ਤੁਸੀਂ ਦੱਸੋ ਕਿ ਤੁਸੀਂ ਬੀ.ਜੇ.ਪੀ. ਵਾਲੀ ਸਾਈਡ ਤੇ ਖੜ੍ਹੇ ਹੋਵੋਗੇ?

**ਡਾਕਟਰ ਰਾਜ ਕੁਮਾਰ:** ਸਰ, ਗਵਰਨਰ ਦੀ ਅਪਰੂਵਲ ਦਿਖਾ ਦਿਉ।

**ਵਿੱਤ ਮੰਤਰੀ:** ਤੁਹਾਡੇ ਵੱਲੋਂ ਡਿਮਾਂਡ ਸੀ ਕਿ ਮਾਣਯੋਗ ਸਪੀਕਰ ਸਾਹਿਬ ਡਿਸਾਈਡ ਕਰ ਦੇਣ। ਸਪੀਕਰ ਸਾਹਿਬ ਨੇ ਡਿਸਾਈਡ ਕਰ ਦਿੱਤਾ ਹੈ। ਸੋ, ਹੁਣ ਕਾਈਂਡਲੀ ਬੈਠ ਕੇ ਪਾਰਟੀਸੀਪੇਟ ਕਰੋ। (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਵਿੱਤ ਮੰਤਰੀ ਸਾਹਿਬ, ਜਦੋਂ ਬਜਟ ਪਾਸ ਹੁੰਦਾ ਹੈ ਤਾਂ ਕੀ ਤੁਹਾਡੇ signature ਤੋਂ ਬਿਨਾਂ ਮੰਨਿਆ ਜਾ ਸਕਦਾ ਹੈ? (ਵਿਘਨ) (ਸ਼ੋਰ)

**ਵਿੱਤ ਮੰਤਰੀ:** ਬਾਜਵਾ ਸਾਹਿਬ, ਇਹ ਬੜਾ ਸਪੱਸ਼ਟ ਹੈ। ਤੁਸੀਂ ਜਿਹੜਾ ਪੁਆਇੰਟ ਰੇਜ਼ ਕੀਤਾ ਸੀ, ਉਸ ਦਾ ਜਵਾਬ ਮਾਣਯੋਗ ਸਪੀਕਰ ਸਾਹਿਬ ਨੇ ਦੇ ਦਿੱਤਾ ਹੈ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ:** ਮੰਤਰੀ ਜੀ, ਚੇਅਰ ਨੂੰ ਐਡਰੈਸ ਕੀਤਾ ਜਾਵੇ।

**ਵਿੱਤ ਮੰਤਰੀ:** ਸੋ, ਕਾਈਂਡਲੀ ਜੇ ਤੁਸੀਂ ਵਾਕ-ਆਊਟ ਕਰਨਾ ਹੈ ਤਾਂ ਤੁਹਾਡੀ ਮਰਜ਼ੀ ਹੈ। ਕੀ ਤੁਸੀਂ ਐੱਸ.ਵਾਈ.ਐੱਲ. ਤੇ ਬਹਿਸ ਨਹੀਂ ਕਰਨਾ ਚਾਹੁੰਦੇ? (ਵਿਘਨ) (ਸ਼ੋਰ) ਕੀ ਤੁਸੀਂ ਐੱਸ.ਵਾਈ.ਐੱਲ. ਤੇ ਬਹਿਸ ਨਹੀਂ ਕਰਨਾ ਚਾਹੁੰਦੇ?

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕੀਤਾ ਜਾਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਵਿੱਤ ਮੰਤਰੀ:** ਤੁਸੀਂ ਬਹਿਸ ਤਾਂ ਨਹੀਂ ਕਰਨਾ ਚਾਹੁੰਦੇ ਕਿਉਂਕਿ ਤੁਹਾਡੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਮੇਂ ਐੱਸ.ਵਾਈ.ਐੱਲ ਨਿਕਲੀ ਹੈ। (ਵਿਘਨ) (ਸ਼ੋਰ) ਜਦੋਂ ਉਹ ਹੋਂਦ ਵਿੱਚ ਆਈ ਹੈ, ਉਸ ਸਮੇਂ ਕਾਂਗਰਸ ਪਾਰਟੀ ਦਾ ਰਾਜ ਸੀ। ਉਸ ਸਮੇਂ ਤੁਹਾਡੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚਾਂਦੀ ਦੀ ਕਹੀ ਨਾਲ ਟੱਕ ਲਗਾ ਕੇ ਉਦਘਾਟਨ ਕੀਤਾ ਸੀ। (ਵਿਘਨ) (ਸ਼ੋਰ) ਤੁਸੀਂ ਕੀ ਬੋਲੋਗੇ? ਮਿਸਟਰ ਬੈਠ ਜਾਓ, ਪੰਜਾਬ ਨੂੰ ਪਤਾ ਹੈ ਕਿ ਪੰਜਾਬ ਦੇ ਅੰਦਰ ਕਾਂਗਰਸ ਪਾਰਟੀ ਨੇ ਲੋਕਾਂ ਦਾ ਘਾਣ ਕੀਤਾ ਹੈ, ਤੁਸੀਂ ਲੋਕਾਂ ਨੇ ਪੰਜਾਬ ਨੂੰ ਬਰਬਾਦ ਕੀਤਾ ਹੈ, ਤੁਸੀਂ ਪੰਜਾਬ ਦਾ ਪਾਣੀ ਵੇਚਿਆ। ਇਹ ਦੂਜੇ ਪਾਸੇ ਅਕਾਲੀ ਦਲ ਵਾਲੇ ਬੈਠੇ ਹਨ, ਉਨ੍ਹਾਂ ਨੇ ਹੋਟਲ ਬਣਾਏ ਹਨ। ਤੁਸੀਂ ਕੀ ਬੋਲੋਗੇ? (ਵਿਘਨ) (ਸ਼ੋਰ) ਇੱਥੇ ਆ ਕੇ ਬਹਿਸ ਕਰੋ।

**1240/Sukhpiar Singh/Monika sharma**

**1245/Manika Rani**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਵਿੱਤ ਮੰਤਰੀ:** ਤੁਹਾਡੇ ਪੱਲੇ ਹੀ ਕੱਖ ਨਹੀਂ ਹੈ। ਮਿਸਟਰ ਬਾਜਵਾ, ਤੁਹਾਡੇ ਪੱਲੇ ਹੀ ਕੱਖ ਨਹੀਂ ਹੈ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕੀਤਾ ਜਾਵੇ।

**ਵਿੱਤ ਮੰਤਰੀ:** ਤੁਸੀਂ ਪੰਜਾਬ ਦੇ ਦੋਸ਼ੀ ਹੋ। ਤੁਸੀਂ ਪੰਜਾਬ ਦਾ ਪਾਣੀ ਵੰਡਿਆ ਹੈ। ਤੁਸੀਂ ਪੰਜਾਬ ਨੂੰ ਬਰਬਾਦ ਕੀਤਾ ਹੈ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ:** ਮੈਂ ਸਾਰੇ ਮਾਨਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸਾਰੇ ਬੈਠੋ। ਚੇਅਰ ਨੂੰ ਐਡਰੈਸ ਕੀਤਾ ਜਾਵੇ।

**ਵਿੱਤ ਮੰਤਰੀ:** ਦੇਸ਼ ਦੇ ਅੰਦਰ ਸਿੱਖਾਂ ਦਾ ਕਤਲੇਆਮ ਹੋਇਆ। ਐਸ.ਵਾਈ.ਐਲ. ਦੇ ਮੁੱਦੇ ਤੇ ਬਹਿਸ ਲਈ ਬੈਠੋ। ਤੁਸੀਂ ਬੈਠੋ, ਬੈਠੋ। ਤੁਸੀਂ ਬਹਿਸ ਲਈ ਬੈਠੋ। ਤੁਸੀਂ ਕਿਉਂ ਬਰਸ ਰਹੇ ਹੋ। ਪੰਜਾਬ ਦੇ ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ। ਤੁਸੀਂ ਬਹਿਸ ਲਈ ਬੈਠੋ। ਤੁਸੀਂ ਪੰਜਾਬ ਨੂੰ ਬਰਬਾਦ ਕੀਤਾ ਹੈ। ਮਿਸਟਰ ਬਾਜਵਾ ਜੀ, ਬੈਠੋ। ਬੈਠ ਕੇ ਬਹਿਸ ਕਰੋ। (ਵਿਘਨ, ਸ਼ੋਰ) ਤੁਸੀਂ ਬਹਿਸ ਤੋਂ ਭੱਜ ਰਹੇ ਹੋ। ਤੁਸੀਂ ਲੋਕ ਬਹਿਸ ਤੋਂ ਭੱਜ ਰਹੇ ਹੋ। ਤੁਹਾਡੇ ਸਮੇਂ, ਤੁਹਾਡੀ ਸਰਕਾਰ ਦੇ ਸਮੇਂ, ਤੁਹਾਡੀ ਪਾਰਟੀ ਦੇ ਸਮੇਂ ਪੰਜਾਬ ਦੇ ਅੰਦਰ ਐਸ.ਵਾਈ.ਐਲ. ਦਾ ਉਦਘਾਟਨ ਹੋਇਆ। ਐਸ.ਵਾਈ.ਐਲ. ਦੀ ਲੈਂਡ ਐਕੁਵਾਇਰ ਹੋਈ।

**ਮਾਣਯੋਗ ਸਪੀਕਰ:** ਮੰਤਰੀ ਜੀ, ਚੇਅਰ ਨੂੰ ਐਡਰੈਸ ਕਰੋ। ਮੰਤਰੀ ਜੀ, ਬੈਠੋ। ਚੀਮਾ ਸਾਹਿਬ, ਬੈਠੋ ਜੀ। (ਵਿਘਨ, ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਅਸੀਂ ਬਹਿਸ ਕਰਨ ਨੂੰ ਤਿਆਰ ਹਾਂ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ:** ਮੰਤਰੀ ਜੀ, ਬੈਠੋ। ਬਾਜਵਾ ਸਾਹਿਬ ਬੈਠੋ। ਚੀਮਾ ਸਾਹਿਬ ਬੈਠੋ। (ਵਿਘਨ, ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਸਦਨ ਵਿੱਚ ਪਾਰਟੀ ਦੇ ਬਾਕੀ ਹਾਜ਼ਰ ਮੈਂਬਰ ਮਾਣਯੋਗ ਰਾਜਪਾਲ ਦੇ ਮੌਜੂਦਾ ਸੈਸ਼ਨ ਨੂੰ ਇਲੀਗਲ ਠਹਿਰਾਉਣ ਦੇ ਮੁੱਦੇ ਉੱਪਰ ਬਹਿਸ ਨਾ ਕਰਵਾਉਣ ਸਬੰਧੀ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਇਸ ਮੁੱਦੇ ਬਾਰੇ ਉੱਚੀ-ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

**ਪ੍ਰਸ਼ਾਸਨਿਕ ਸੁਧਾਰ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ):** ਬਾਜਵਾ ਸਾਹਿਬ, ਤੁਸੀਂ ਵਿਰੋਧੀ ਧਿਰ ਦੇ ਆਗੂ ਬਣੋ, ਗਵਰਨਰ ਦੇ ਬੁਲਾਰੇ ਨਾ ਬਣੋ। ਸਪੀਕਰ ਸਾਹਿਬ ਨੇ ਕਹਿ ਦਿੱਤਾ ਤਾਂ ਹੁਣ ਤੁਸੀਂ ਬਹਿਸ ਕਰਨ ਲਈ ਬੈਠੋ। (ਵਿਘਨ, ਸ਼ੋਰ)

**ਪ੍ਰਸ਼ਾਸਨਿਕ ਸੁਧਾਰ ਮੰਤਰੀ:** ਸਰ, ਤੁਸੀਂ ਕੁਐਸਚਨ ਆਵਰ ਸ਼ੁਰੂ ਕਰੋ। (ਵਿਘਨ, ਸ਼ੋਰ)

# STARRED QUESTIONS AND ANSWERS

**ਮਾਣਯੋਗ ਸਪੀਕਰ:** ਹਾਂ ਜੀ, ਸੁਖਵਿੰਦਰ ਸਿੰਘ ਕੋਟਲੀ ਜੀ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ:** ਸਰ, ਮੈਂ ਕਿਵੇਂ ਬੋਲਾਂ ਜੀ।(ਵਿਘਨ, ਸ਼ੋਰ)

**ਮਾਣਯੋਗ ਸਪੀਕਰ:** ਚਲੋ, ਫਿਰ ਜੇਕਰ ਤੁਸੀਂ ਸਵਾਲ ਨਹੀਂ ਕਰਨਾ ਤਾਂ ਅਸੀਂ ਫਿਰ ਅਗਲਾ ਸਵਾਲ ਲੈ ਲਈਏ। ਹਾਂ ਜੀ, ਸਰਦਾਰ ਮਨਜੀਤ ਸਿੰਘ ਬਿਲਾਸਪੁਰ ਜੀ।

**ਨਿਸ਼ਾਨ ਵਾਲਾ ਪ੍ਰਸ਼ਨ ਨੰ. 778**

(ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋਣ ਕਾਰਨ ਸਬੰਧਿਤ ਮੈਂਬਰ ਵੱਲੋਂ ਆਪਣਾ ਸਵਾਲ ਪੇਸ਼ ਨਹੀਂ ਕੀਤਾ ਗਿਆ।)

------

**ਪਿੰਡਾਂ ਵਿੱਚੋਂ ਲੰਘਦੀ ਚੰਦਰਭਾਨ ਡਰੇਨ ਦੀ ਸਫਾਈ ਕਰਵਾਉਣਾ**

***699. ਸਰਦਾਰ ਮਨਜੀਤ ਸਿੰਘ ਬਿਲਾਸਪੁਰ**: ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡਾਂ ਵਿੱਚ ਲੰਘਦੀ ਚੰਦਰਭਾਨ ਡਰੇਨ ਜੋ ਕਿ ਬਰਸਾਤਾਂ ਦੇ ਸਮੇਂ ਕਾਫੀ ਫਸਲਾਂ ਦਾ ਨੁਕਸਾਨ ਕਰਦੀ ਹੈ, ਦੀ ਸਫਾਈ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ੍ਰੀ ਗੁਰਮੀਤ ਸਿੰਘ ਮੀਤ ਹੇਅਰ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡਾਂ ਵਿੱਚੋਂ ਲੰਘਦੀ ਚੰਦਭਾਨ ਡਰੇਨ ਦੀ ਸਫਾਈ ਇਸ ਸਾਲ 2023 ਵਿੱਚ ਫਲੱਡ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੁਕੰਮਲ ਕਰਵਾ ਦਿੱਤੀ ਗਈ ਸੀ, ਫਲੱਡ ਸੀਜ਼ਨ ਦੌਰਾਨ ਇਸ ਡਰੇਨ ਕਾਰਨ ਫਸਲਾਂ ਦਾ ਕੋਈ ਨੁਕਸਾਨ ਨਹੀਂ ਹੋਇਆ ਹੈ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਡਰੇਨ ਨੂੰ ਚੰਗੀ ਤਰ੍ਹਾਂ ਵੇਖਿਆ ਜਾਵੇ ਅਤੇ ਉਸ ਦੀ ਪੜਤਾਲ ਕੀਤੀ ਜਾਵੇ। ਮੇਰਾ ਖਿਆਲ ਹੈ ਕਿ ਮੰਤਰੀ ਜੀ ਨੂੰ ਵਿਭਾਗ ਵੱਲੋਂ ਮਿਸਗਾਈਡ ਕੀਤਾ ਗਿਆ ਹੈ,

ਡਰੇਨ ਦੀ ਪਰਾਪਰ ਸਫਾਈ ਨਹੀਂ ਹੋਈ ਹੈ। ਪਿਛਲੀ ਵਾਰੀ ਵੀ ਸਾਡੇ ਪਿੰਡਾਂ ਵਿੱਚ ਨੁਕਸਾਨ ਹੋਇਆ ਸੀ। ਇਸ ਵਾਰ ਵੀ ਪ੍ਰਬਾਲਮ ਆਈ ਹੈ। (ਵਿਘਨ, ਸ਼ੋਰ)

**ਮੰਤਰੀ:** ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਡਰੇਨ ਦੀ ਸਫਾਈ ਨਹੀਂ ਹੋਈ ਹੈ, ਵਿਭਾਗ ਵੱਲੋਂ ਸਹੀ ਨੂੰ ਦੱਸਿਆ ਗਿਆ ਹੈ, ਅਜਿਹਾ ਕੁਝ ਵੀ ਨਹੀਂ ਹੈ। ਤਕਰੀਬਨ 67 ਲੱਖ ਰੁਪਏ ਦੀ ਲਾਗਤ ਨਾਲ ਪਰਾਪਰ ਡਰੇਨ ਦੀ ਸਫਾਈ ਕਰਵਾਈ ਗਈ ਹੈ। ਜੇ ਮੈਂਬਰ ਸਾਹਿਬ ਕਹਿੰਦੇ ਹਨ ਕਿ ਦੁਬਾਰਾ ਪੜਤਾਲ ਕਰਵਾਈ ਜਾਵੇ ਤਾਂ ਅਸੀਂ ਦੁਬਾਰਾ ਇੰਸਪੈਕਸ਼ਨ ਕਰਵਾ ਲਵਾਂਗੇ। ਪਹਿਲਾਂ ਰੇਨੀ ਸੀਜ਼ਨ ਤੋਂ ਸਫਾਈ ਹੋਇਆ ਕਰਦੀ ਸੀ, ਉਹ ਠੇਕੇਦਾਰ ਨੂੰ ਟੈਂਡਰ ਦੇ ਕੇ ਕਰਵਾਈ ਜਾਂਦੀ ਸੀ। ਪਰੰਤੂ ਹੁਣ ਡਿਪਾਰਮੈਂਟ ਵੱਲੋਂ ਆਪਣੀ ਮਸ਼ੀਨੀਰੀ ਖਰੀਦ ਲਈ ਗਈ ਹੈ।

(ਇਸ ਸਮੇਂ ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਪ੍ਰਸ਼ਾਸਨਿਕ ਸੁਧਾਰ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਅਤੇ ਚੇਤਨ ਸਿੰਘ ਜੋੜਾਮਾਜਰਾ, ਸੁਤੰਤਰਤਾ ਸੈਨਾਨੀ ਮੰਤਰੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਆਪਸ ਵਿੱਚ ਬਹਿਸ ਰਹੇ ਸਨ।)

**ਮਾਣਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਇਜ਼ਾਜਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਮੰਤਰੀ:** ਹੁਣ ਸਾਡੇ ਕੋਲ ਆਪਣੇ ਡਰਾਈਵਰ ਅਤੇ ਮਸ਼ੀਨਰੀ ਹੈ। ਇਸ ਲਈ ਸਫਾਈ ਆਪ ਹੀ ਕਰ ਸਕਦੇ ਹਾਂ। ਅਸੀਂ ਮਸ਼ੀਨਰੀ ਭੇਜ ਦੇਵਾਂਗੇ। ਮੈਂਬਰ ਸਾਹਿਬ ਕਹਿੰਦੇ ਹਨ ਕਿ ਡਰੇਨ ਦੀ ਸਫਾਈ ਕਰਵਾਈ ਜਾਵੇ, ਉਹ ਵੀ ਕਰਵਾ ਦਿਆਂਗੇ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਧੰਨਵਾਦ ਜੀ। ਸਰ, ਮੰਤਰੀ ਜੀ, ਪੜਤਾਲ ਜ਼ਰੂਰ ਕਰਵਾ ਲੈਣ ਜੀ।

**ਮਾਣਯੋਗ ਸਪੀਕਰ:** ਅਗਲਾ ਸਵਾਲ, ਹਾਂ ਜੀ, ਚਰਨਜੀਤ ਸਿੰਘ ਜੀ।

-------

## ਸ੍ਰੀ ਚਮਕੌਰ ਸਾਹਿਬ ਵਿਖੇ ਮੈਡੀਕਲ ਕਾਲਜ ਖੋਲ੍ਹਣਾ

***591. ਡਾਕਟਰ ਚਰਨਜੀਤ ਸਿੰਘ**: ਕੀ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਸ੍ਰੀ ਚਮਕੌਰ ਸਾਹਿਬ ਵਿਖੇ ਕੋਈ ਮੈਡੀਕਲ ਕਾਲਜ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਡਾਕਟਰ ਬਲਬੀਰ ਸਿੰਘ:** ਨਹੀਂ ਜੀ। (ਵਿਘਨ, ਸ਼ੋਰ)

-------

**1245/Manika Rani/Monika sharma**

**ਡਾਕਟਰ ਚਰਨਜੀਤ ਸਿੰਘ:** ਸਪੀਕਰ ਸਾਹਿਬ, ਸਾਡੇ ਹਲਕੇ ਵਿੱਚ ਇੱਕ ਟੈਕਨੀਕਲ ਇੰਸਟੀਚਿਊਟ 42 ਏਕੜ ਵਿੱਚ ਫੈਲਿਆ ਹੋਇਆ ਹੈ ਉਸ ਇੰਸਟੀਚਿਊਟ ਨੂੰ ਇੱਕ ਯੂਨੀਰਵਰਸਿਟੀ ਚਲਾ ਰਹੀ ਹੈ। ਉਨ੍ਹਾਂ ਵੱਲੋਂ ਫੰਡਜ਼ ਦੀ ਕਿੱਲਤ ਹੋਣ ਕਾਰਨ ਹੱਥ ਖੜ੍ਹੇ ਕਰ ਦਿੱਤੇ ਗਏ ਹਨ ਕਿ ਉਹ ਇੰਸਟੀਚਿਊਟ ਨਹੀਂ ਚਲਾ ਸਕਦੇ। ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਇਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸਕਿੱਲ ਇੰਸਟੀਚਿਊਟ ਨੂੰ ਮੈਡੀਕਲ ਕਾਲਜ ਵਿੱਚ ਕਨਵਰਟ ਕਰ ਦਿੱਤਾ ਜਾਵੇ ਕਿਉਂਕਿ ਸਾਡੇ ਸੂਬੇ ਵਿੱਚ ਪਹਿਲਾਂ ਹੀ ਡਾਕਟਰਾਂ ਦੀ ਬਹੁਤ ਵੱਡੀ ਘਾਟ ਹੈ। ਇੰਜੀਨੀਅਰਿੰਗ ਕਾਲਜ ਬਹੁਤ ਜ਼ਿਆਦਾ ਹਨ ਅਤੇ ਬੰਦ ਹੋ ਰਹੇ ਹਨ। ਸੋ, ਇਹ ਮੇਰੀ ਬੇਨਤੀ ਕਬੂਲ ਕਰਨ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ**: ਜੋ ਕੁਝ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਗਿਆ ਹੈ ਉਹ ਰਿਕਾਰਡ ਨਾ ਕੀਤਾ ਜਾਵੇ।

(ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਕਾਂਗਰਸ ਪਾਰਟੀ ਦੇ ਜਿੰਨੇ ਵੀ ਮੈਂਬਰ ਹਨ, ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇੱਥੇ ਲੋਕਾਂ ਦੇ ਮੁੱਦੇ ਡਿਸਕਸ ਹੋ ਰਹੇ ਹਨ।

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕੀਤਾ ਜਾਵੇ।

**ਮੰਤਰੀ:** ਇੱਥੇ ਲੋਕਾਂ ਦੇ ਮੁੱਦੇ ਡਿਸਕਸ ਹੋ ਰਹੇ ਹਨ। ਚਮਕੌਰ ਸਾਹਿਬ ਦੀ ਧਰਤੀ ਬਹੁਤ ਪਵਿੱਤਰ ਧਰਤੀ ਹੈ। ਮੈਂ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਜਿਵੇਂ ਇਨ੍ਹਾਂ ਨੇ ਕਿਹਾ ਕਿ ਉੱਥੇ 43 ਏਕੜ ਜ਼ਮੀਨ ਪਈ ਹੈ। ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਕਾਲਜ ਬਣਾਇਆ ਜਾਣਾ ਸੀ ਜੋ ਕਿ ਹੁਣ ਉੱਥੇ ਰਿਕੁਆਇਰਮੈਂਟ ਨਹੀਂ ਰਹੀ। ਉਸ ਦੀ ਕੋਈ ਡਿਮਾਂਡ ਨਹੀਂ ਰਹੀ। ਇਸ ਕਰਕੇ ਹੁਣ ਨਹੀਂ ਬਣਾ ਰਹੇ। ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇੱਕ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਤੇ ਉਨ੍ਹਾਂ ਦੇ ਟੈਕਨੀਕਲ ਡਿਪਾਰਟਮੈਂਟ ਵੱਲੋਂ ਪਰਪੋਜ਼ਲ ਬਣਾ ਕੇ ਮੇਰੇ ਮਹਿਕਮੇ ਨੂੰ ਭੇਜੀ ਜਾਵੇ। ਕਿਉਂਕਿ ਪੰਜਾਬ ਵਿੱਚ ਮੈਡੀਕਲ ਕਾਲਜ ਬਣਾਉਣ ਵਿੱਚ ਸਭ ਤੋਂ ਵੱਡੀ ਰੁਕਾਵਟ ਜ਼ਮੀਨ ਹੈ। ਜੇਕਰ ਇਨ੍ਹਾਂ ਕੋਲ 43 ਏਕੜ ਜ਼ਮੀਨ ਹੈ। ਸਾਡੇ ਦੋ ਕਾਲਜ ਇਸ ਕਰਕੇ ਹੀ ਰੁਕੇ ਹੋਏ ਹਨ ਕਿਉਂਕਿ ਸਾਨੂੰ ਕਾਲਜ ਬਣਾਉਣ ਲਈ ਜ਼ਮੀਨ ਨਹੀਂ ਮਿਲ ਰਹੀ। ਹਰ ਜ਼ਿਲ੍ਹੇ ਵਿੱਚ ਮੈਡੀਕਲ ਕਾਲਜ ਬਣਾਇਆ ਜਾਣਾ ਹੈ। ਜੇਕਰ ਇਨ੍ਹਾਂ ਵੱਲੋਂ ਪਰਪੋਜ਼ਲ ਆਵੇਗੀ ਤਾਂ ਸਰਕਾਰ ਹਮਦਰਦੀ

ਨਾਲ ਇਸ ਤੇ ਵਿਚਾਰ ਕਰਕੇ ਕਾਲਜ ਬਣਾਉਣ ਬਾਰੇ ਕਾਰਵਾਈ ਕੀਤੀ ਜਾਵੇਗੀ। ਸੋ, ਉਸ ਵਾਸਤੇ ਪਰਪੋਜ਼ਲ ਭੇਜਣ। ਜਦੋਂ ਪਰਪੋਜ਼ਲ ਆ ਜਾਵੇਗੀ ਤਾਂ ਉਸ ਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਡਾਕਟਰ ਚਰਨਜੀਤ ਸਿੰਘ ਜੀ।

**ਡਾਕਟਰ ਚਰਨਜੀਤ ਸਿੰਘ:** ਮੰਤਰੀ ਸਾਹਿਬ, ਮੈਂ ਬਹੁਤ ਜਲਦੀ ਤੁਹਾਡੇ ਕੋਲ ਪਰਪੋਜ਼ਲ ਭੇਜਾਂਗਾ। ਧੰਨਵਾਦ ਜੀ।

-------

## ਬਾਜ਼ੀਗਰ ਬਰਾਦਰੀ ਨਾਲ ਸਬੰਧਤ ਲੋਕਾਂ ਨੂੰ ਰਿਹਾਇਸ਼ੀ ਘਰਾਂ ਦੇ ਮਾਲਕਾਨਾ ਹੱਕ ਦੇਣਾ

*763. **ਸਰਦਾਰ ਲਖਬੀਰ ਸਿੰਘ ਰਾਏ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਾਜ਼ੀਗਰ ਬਰਾਦਰੀ ਨਾਲ ਸਬੰਧਤ ਲੋਕ ਸੰਨ 1947 ਤੋਂ ਫਤਿਹਗੜ੍ਹ ਸਾਹਿਬ ਵਿਖੇ ਰਹਿ ਰਹੇ ਹਨ ਪਰੰਤੂ ਉਨ੍ਹਾਂ ਨੂੰ ਹਾਲੇ ਤੱਕ ਰਿਹਾਇਸ਼ੀ ਘਰਾਂ ਦੇ ਮਾਲਕਾਨਾ ਹੱਕ ਨਹੀਂ ਮਿਲੇ; ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਨੂੰ ਰਿਹਾਇਸ਼ੀ ਘਰਾਂ ਦੇ ਮਾਲਕਾਨਾ ਹੱਕ ਦੇਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸ੍ਰੀ ਬ੍ਰਮ ਸ਼ੰਕਰ:** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਕੁਝ ਪਿੰਡਾਂ ਵਿੱਚ ਬਾਜ਼ੀਗਰ ਬਰਾਦਰੀ ਨਾਲ ਸਬੰਧਤ ਬਹੁਤ ਸਾਰੇ ਲੋਕ ਲਾਲ ਲਕੀਰ ਦੇ ਅੰਦਰ ਰਹਿ ਰਹੇ ਹਨ। ਇਨ੍ਹਾਂ ਲੋਕਾਂ ਨੂੰ ਮਾਲਕੀ ਦੇਣ ਬਾਰੇ ਮੇਰਾ ਘਰ ਮੇਰੇ ਨਾਮ ਸਕੀਮ ਦੇ ਅੰਡਰ ਕੰਮ ਚੱਲ ਰਿਹਾ ਹੈ। ਜਦੋਂ ਉਹ ਕੰਮ ਪੂਰਾ ਹੋ ਜਾਵੇਗਾ ਤਾਂ ਇਨ੍ਹਾਂ ਦੀ ਮਾਲਕੀ ਇਨ੍ਹਾਂ ਨੂੰ ਮਿਲ ਜਾਵੇਗੀ।

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਸਰਦਾਰ ਲਖਬੀਰ ਸਿੰਘ ਰਾਏ**: ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ 75 ਸਾਲ ਪਹਿਲਾਂ ਆਜ਼ਾਦੀ ਤੋਂ ਬਾਅਦ ਵੱਖ ਵੱਖ ਪਿੰਡਾਂ ਵਿੱਚ ਆਏ ਤਾਂ ਸ਼ਾਮਲਾਟ ਜ਼ਮੀਨਾਂ ਜਾਂ ਸਾਂਝੀਆਂ ਜਗ੍ਹਾ ਤੇ ਇਨ੍ਹਾਂ ਵੱਲੋਂ ਢਾਣੀਆਂ ਬਣਾਈਆਂ ਗਈਆਂ। ਫਿਰ ਉੱਥੇ ਘਰ ਬਣਾਏ ਗਏ। ਅੱਜ 75 ਸਾਲ ਹੋ ਗਏ ਅਤੇ ਇਨ੍ਹਾਂ ਲੋਕਾਂ ਨੂੰ ਮਾਲਕਾਨਾ ਹੱਕ ਨਹੀਂ ਮਿਲੇ। ਸਭ ਤੋਂ ਵੱਡੀ ਗੱਲ ਇਹ ਕਿ ਜਦੋਂ ਵੀ ਪੰਚਾਇਤਾਂ ਦੀ ਜਾਂ ਬਲਾਕ ਸੰਮਤੀਆਂ ਦੀ ਇਲੈਕਸ਼ਨ ਹੁੰਦੀ ਹੈ ਤਾਂ ਇਨ੍ਹਾਂ ਨੂੰ ਡਿਫਾਲਟਰ ਕਰਾਰ ਦਿੱਤਾ ਜਾਂਦਾ ਹੈ। ਇਨ੍ਹਾਂ ਦਾ ਡੈਮੋਕ੍ਰੇਟਿਕ ਰਾਈਟ ਹੈ। ਇਨ੍ਹਾਂ ਨੂੰ ਇਲੈਕਸ਼ਨ ਲੜਨ ਤੋਂ ਰੋਕਿਆ ਜਾਂਦਾ ਹੈ। ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਕਬਜ਼ੇ ਮੁਤਾਬਿਕ ਕਦੋਂ ਤੱਕ ਮਾਲਕਾਨਾ ਹੱਕ ਮਿਲਣਗੇ?

**ਮਾਨਯੋਗ ਸਪੀਕਰ**: ਬਹੁਤ ਧੰਨਵਾਦ ਜੀ।

-------

**ਜੰਗਲਾਤ/ਹਰਿਆਵਲ ਦੇ ਹਿੱਸੇ ਨੂੰ ਬਚਾਉਣ ਲਈ ਪਾਲਿਸੀ ਬਣਾਉਣਾ**

***818. ਸਰਦਾਰ ਅਜੀਤਪਾਲ ਸਿੰਘ ਕੋਹਲੀ**: ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(□ ) ਰਾਜ ਦਾ ਇਸ ਸਮੇਂ ਕਿੰਨਾ ਹਿੱਸਾ ਜੰਗਲਾਤ/ਹਰਿਆਵਲ ਅਧੀਨ ਹੈ;

(ਅ) ਰਾਜ ਦੇ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਇਸ ਦੇ ਕਿੰਨੇ ਹਿੱਸੇ ਨੂੰ ਜੰਗਲਾਤ/ਹਰਿਆਵਲ ਅਧੀਨ ਰੱਖਣਾ ਜ਼ਰੂਰੀ ਹੈ;

(□) ਕੀ ਸਰਕਾਰ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਅਰਬਨਾਈਜ਼ੇਸ਼ਨ ਦੇ ਵਧਣ ਕਾਰਨ ਜੰਗਲਾਤ ਦੇ ਹਿੱਸੇ ਤੇ ਪੈ ਰਹੇ ਪ੍ਰਭਾਵ ਦੇ ਮੱਦੇ ਨਜ਼ਰ ਅਜਿਹੀ ਕੋਈ ਪਾਲਿਸੀ ਬਣਾਏਗੀ ਤਾਂ ਕਿ ਜੰਗਲਾਤ/ਹਰਿਆਵਾਲ ਦੇ ਹਿੱਸੇ ਨੂੰ ਬਚਾਇਆ ਜਾ ਸਕੇ?

**ਸ੍ਰੀ ਲਾਲ ਚੰਦ**: ਭਾਰਤੀ ਵਣ ਸਰਵੇਖਣ ਦੇਹਰਾਦੂਨ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਤਾਜ਼ਾ ਰਿਪੋਰਟ ਅਨੁਸਾਰ ਰਾਜ ਦੇ ਕੁੱਲ 5% ਅਤੇ 92% ਰਕਬਾ ਜੰਗਲਾਤ ਅਤੇ ਰੁੱਖਾਂ ਦੇ ਅਧੀਨ ਹੈ। ਰਾਜ ਵੱਲੋਂ ਸਾਲ 2030 ਤੱਕ 7.5% ਰਕਬੇ ਨੂੰ ਰੁੱਖਾਂ ਅਤੇ ਵਣਾਂ ਅਧੀਨ ਵਧਾਉਣ ਦਾ ਟੀਚਾ ਮਿਥਿਆ ਗਿਆ ਹੈ। ਅਰਬਨਾਈਜ਼ੇਸ਼ਨ ਦੇ ਸਾਰੇ ਵਿਕਾਸ ਕਾਰਜਾਂ ਦੇ ਪ੍ਰਭਾਵ ਤੋਂ ਬਚਾਉਣ ਲਈ ਪਹਿਲਾਂ ਹੀ ਉਪਬੰਧ ਹੈ।

**1250/Gurpreet kaur/Shubham jain**

**1255/Rajneet Kaur**

ਵਣ ਸੁਰੱਖਿਆ ਐਕਟ, 1980 ਅਨੁਸਾਰ ਕਿਸੇ ਵੀ ਵਿਕਾਸ ਕਾਰਜ ਜਿਸ ਵਿੱਚ ਵਣ ਰਕਬਾ ਪ੍ਰਭਾਵਿਤ ਹੁੰਦਾ ਹੋਵੇ, ਉਸ ਲਈ ਭਾਰਤ ਸਰਕਾਰ ਦੀ ਪੂਰਵ ਪ੍ਰਵਾਨਗੀ ਪ੍ਰਾਪਤ ਕਰਨੀ ਲਾਜ਼ਮੀ ਹੈ। ਇਸ ਦੇ ਨਾਲ ਹੀ ਯੂਜ਼ਰ ਏਜੰਸੀ ਤੋਂ ਪ੍ਰਭਾਵਿਤ ਹੋਣ ਵਾਲੇ ਰਕਬੇ ਦੇ ਬਰਾਬਰ ਗੈਰ ਵਣ ਰਕਬਾ ਲਿਆ ਜਾਂਦਾ ਹੈ ਅਤੇ ਉਸ ਤੇ ਕੀਤੀ ਜਾਣ ਵਾਲੀ ਪਲਾਂਟੇਸ਼ਨ ਦਾ ਖਰਚਾ ਵੀ ਲਿਆ ਜਾਂਦਾ ਹੈ। ਜੇਕਰ ਗੈਰ ਵਣ ਰਕਬਾ ਉਪਲਬਧ ਨਾ ਹੋਵੇ ਤਾਂ ਯੂਜ਼ਰ ਏਜੰਸੀ ਤੋਂ ਪ੍ਰਭਾਵਿਤ ਹੋਣ ਵਾਲੇ ਵਣ ਰਕਬੇ ਤੇ ਕੀਤੀ ਜਾਣ ਵਾਲੀ ਪਲਾਂਟੇਸ਼ਨ ਦੀ ਦੁੱਗਣੀ ਰਕਮ ਵਸੂਲੀ ਜਾਂਦੀ ਹੈ ਤਾਂ ਜੋ ਵਣ ਰਕਬੇ ਦੇ ਨੁਕਸਾਨ ਨੂੰ ਪੂਰਿਆ ਜਾ ਸਕੇ।

**ਸਰਦਾਰ ਅਜੀਤਪਾਲ ਸਿੰਘ ਕੋਹਲੀ :** ਸਪੀਕਰ ਸਾਹਿਬ, ਤੁਹਾਡੇ ਮਾਧਿਆਮ ਰਾਹੀਂ ਮੇਰਾ ਮੰਤਰੀ ਜੀ ਨੂੰ ਸਵਾਲ ਹੈ ਕਿ ਜਿਹੜੇ ਸਾਡੇ ਪੰਜਾਬ ਦੇ indigenous trees ਹਨ, ਜਿਵੇਂ ਟਾਹਲੀ, ਸ਼ੀਸ਼ਮ, ਕਿੱਕਰ, ਸਿੰਬਲ ਆਦਿ। ਕੀ ਇਨ੍ਹਾਂ ਨੂੰ ਵੀ

ਰਿਵਾਈਵ ਕਰਨ ਬਾਰੇ ਕੋਈ ਪਾਲਿਸੀ ਵਿੱਚ ਇਨਕਾਰਪੋਰੇਟ ਕੀਤਾ ਹੈ? ਜੇ ਕੀਤਾ ਹੈ ਤਾਂ ਕਿਹੜੇ-ਕਿਹੜੇ ਇਲਾਕਿਆਂ ਦੇ ਵਿੱਚ ਇਨ੍ਹਾਂ ਦਾ ਰੀਵਾਈਵਲ ਸ਼ੁਰੂ ਕਰੋਗੇ? ਧੰਨਵਾਦ ਜੀ।

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਸਾਰੇ ਰੁੱਖਾਂ ਦਾ ਨਾਮ ਮਾਨਯੋਗ ਮੈਂਬਰ ਸਾਹਿਬ ਨੇ ਲਿਆ ਹੈ, ਅਸੀਂ ਲਗਾਤਾਰ ਇਨ੍ਹਾਂ ਰੁੱਖਾਂ ਨੂੰ ਪ੍ਰਮੋਟ ਵੀ ਕਰਦੇ ਹਾਂ ਅਤੇ ਪੰਜਾਬ ਦੇ ਅੰਦਰ ਵੱਖ ਵੱਖ ਸਕੀਮਾਂ ਰਾਹੀਂ ਇਨ੍ਹਾਂ ਦੀ ਪਲਾਂਟੇਸ਼ਨ ਵੀ ਕਰਦੇ ਹਾਂ।

**ਸਰਦਾਰ ਅਜੀਤਪਾਲ ਸਿੰਘ ਕੋਹਲੀ** : ਸਰ, ਮੇਰੇ ਸਵਾਲ ਦਾ ਦੂਜਾ ਪਾਰਟ ਇਹ ਵੀ ਸੀ ਕਿ ਆਪਾਂ ਜਿਹੜੇ indigenous trees ਦੀ ਰਿਵਾਈਵਲ ਕਰ ਰਹੇ ਹਾਂ, ਉਹ ਕਿਹੜੇ ਕਿਹੜੇ ਏਰੀਆਜ਼ ਦੇ ਵਿੱਚ ਕਰ ਰਹੇ ਹਾਂ? ਕੀ ਆਪਾਂ ਰੀਵਰ ਬੈਂਕ ਦੇ ਏਰੀਆਜ਼ ਵਿੱਚ ਕਰ ਰਹੇ ਹਾਂ ਜਾਂ ਸਾਡੀ ਫਾਰੈਸਟ ਦੀ ਜਗ੍ਹਾ ਹੈ, ਉੱਥੇ ਕਰ ਰਹੇ ਹਾਂ? ਇਹ ਕਿਹੜੀਆਂ ਕਿਹੜੀਆਂ ਥਾਵਾਂ ਤੇ ਕਰ ਰਹੇ ਹਾਂ? (ਵਿਘਨ)

**ਮੰਤਰੀ** : ਸਪੀਕਰ ਸਾਹਿਬ, ਇਹ ਪੰਜਾਬ ਦੇ ਸਮੁੱਚੇ ਏਰੀਏ ਵਿੱਚ ਕੀਤੀਆਂ ਜਾ ਰਹੀਆਂ ਹਨ, ਕੋਈ ਪਰਟੀਕੁਲਰ ਏਰੀਆ ਨਹੀਂ ਹੈ। ਸੋ, ਜਿਹੜਾ ਸਾਡਾ ਸੁਰੱਖਿਅਤ ਵਣ ਰਕਬਾ ਹੈ, ਉੱਥੇ ਵੀ ਵਿਭਾਗ ਵੱਲੋਂ ਵੱਖ ਵੱਖ ਯੋਜਨਾਵਾਂ ਰਾਹੀਂ ਪਲਾਂਟੇਸ਼ਨ ਕੀਤੀ ਜਾਂਦੀ ਹੈ ਅਤੇ ਪ੍ਰਾਈਵੇਟ ਲੋਕਾਂ ਵੱਲੋਂ ਵੀ ਆਪਣੇ ਲੈਵਲ ਤੇ ਕੀਤੀ ਜਾਂਦੀ ਹੈ।

**ਮਾਣਯੋਗ ਸਪੀਕਰ** : ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ। (ਵਿਘਨ…ਸ਼ੋਰ) ਇਹ ਜਿਹੜਾ ਹੁਣ ਸਵਾਲ ਆਇਆ ਹੈ, ਇਹ ਕਿਸ ਦਾ ਸਵਾਲ ਹੈ? ਇਹ ਸਾਡੇ ਮਾਣਯੋਗ ਲੀਡਰ ਆਫ ਦਿ ਆਪੋਜੀਸ਼ਨ ਸਾਹਿਬ ਦਾ ਸਵਾਲ ਹੈ ਜੀ। ਇਹ ਸਵਾਲ ਪੁੱਛਣਾ ਚਾਹੁੰਦੇ ਹਨ ਜਾਂ ਇਕੱਲਾ ਇੱਥੇ ਰੌਲਾ ਪਾਉਣ ਹੀ ਆਏ ਹਨ?

( ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਆ ਗਏ। )

-------

**ਦਿੱਲੀ ਏਅਰਪੋਰਟ ਤੇ ਜਾ ਰਹੀਆਂ ਏ.ਸੀ. ਬੱਸਾਂ ਦੇ ਵੇਰਵੇ**

***414. ਸਰਦਾਰ ਪ੍ਰਤਾਪ ਸਿੰਘ ਬਾਜਵਾ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਇਸ ਸਮੇਂ ਰਾਜ ਦੇ ਵੱਖ ਵੱਖ ਸ਼ਹਿਰਾਂ/ਜ਼ਿਲ੍ਹਿਆਂ ਤੋਂ ਕਿੰਨੀਆਂ ਏ.ਸੀ. ਬੱਸਾਂ ਦਿੱਲੀ ਏਅਰਪੋਰਟ ਤੇ ਜਾ ਰਹੀਆਂ ਹਨ;

(ਅ) ਪ੍ਰਤੀ ਸਵਾਰੀ ਕਿੰਨਾ ਕਿਰਾਇਆ ਲਿਆ ਜਾ ਰਿਹਾ ਹੈ;

(ੲ) ਹੁਣ ਤੱਕ ਇਸ ਤੋਂ ਮਹੀਨਾਵਾਰ ਕਿੰਨੀ ਆਮਦਨ ਹੋਈ ਹੈ ਅਤੇ ਕਿੰਨੇ ਲੋਕਾਂ ਨੂੰ ਇਸ ਸਹੂਲਤ ਦਾ ਲਾਭ ਹੋਇਆ ਹੈ?

ਸਰ, ਪਹਿਲਾਂ ਮੇਰੀ ਇੱਕ ਬੇਨਤੀ ਸੁਣ ਲਓ ਜੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਵਿਧਾਨ ਸਭਾ ਦਾ ਇੰਨਾ ਬੁਰਾ ਹਾਲ ਹੈ ਕਿ ਮੈਂ ਵਿਧਾਨ ਸਭਾ ਵਿੱਚ ਜਨਵਰੀ ਮਹੀਨੇ ਦੇ ਵਿੱਚ ਸਵਾਲ ਲਗਾਇਆ ਸੀ ਅਤੇ ਅੱਜ ਅਕਤੂਬਰ ਵਿੱਚ ਜਾ ਕੇ 10 ਮਹੀਨਿਆਂ ਬਾਅਦ ਸਵਾਲ ਲੱਗਿਆ ਹੈ। ਤੁਸੀਂ ਦੱਸੋ ਕਿ 10 ਮਹੀਨੇ ਬਾਅਦ ਸਵਾਲ ਦਾ ਕੋਈ ਰੈਲੀਵੈਂਸ ਰਹਿ ਜਾਂਦਾ ਹੈ? ਤੁਸੀਂ ਐਕਸਟੈਂਡ ਸੈਸ਼ਨ ਦੀ ਕਾਲ ਕੀਤੀ ਹੈ। It is just a fudge.

**ਮਾਣਯੋਗ ਸਪੀਕਰ** : ਕੀ ਤੁਸੀਂ ਇਸ ਸਵਾਲ ਨੂੰ ਲੈਣਾ ਚਾਹੁੰਦੇ ਹੋ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੈਂ ਤਾਂ ਸਵਾਲ ਲੈ ਹੀ ਲੈਣਾ ਹੈ ਜੀ।

**ਮਾਣਯੋਗ ਸਪੀਕਰ** : ਕਿਰਪਾ ਕਰਕੇ ਬੋਲਣ ਲੱਗੇ ਸ਼ਬਦਾਂ ਨੂੰ ਮਰਿਆਦਾ ਵਿੱਚ ਰੱਖਿਆ ਜਾਵੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਭੁੱਲਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੀਆਂ ਬੱਸਾਂ ਦਾ ਕਿਰਾਇਆ ਬਹੁਤ ਘੱਟ ਹੈ ਅਤੇ ਜਿਹੜੀਆਂ ਹੋਰ ਪ੍ਰਾਈਵੇਟ ਕੰਪਨੀਆਂ (ਇੰਡੋ-ਕੈਨੇਡੀਅਨ) ਦੀਆਂ ਬੱਸਾਂ ਹਨ, ਉਨ੍ਹਾਂ ਦਾ ਕਿਰਾਇਆ ਤਿੰਨ ਗੁਣਾ ਹੈ ਪਰੰਤੂ ਉਨ੍ਹਾਂ ਦਾ ਪ੍ਰਾਫਿਟ ਤੁਹਾਡੇ ਨਾਲੋਂ ਵੱਧ ਹੈ। ਇਹ ਵੱਧ ਕਿਉਂ ਹੈ? ਇਹ ਇਸ ਲਈ ਵੱਧ ਹੈ ਕਿਉਂਕਿ ਜਿੰਨੇ ਵੀ ਐਨ.ਆਰ.ਆਈਜ਼ ਸਿੱਧਾ ਆਪਣੇ ਸ਼ਹਿਰਾਂ ਵਿੱਚੋਂ ਏਅਰਪੋਰਟ ਤੇ ਜਾਂਦੇ ਹਨ ਤਾਂ ਜਾਂਦੇ ਵਕਤ ਤਾਂ ਉਹ ਪਹੁੰਚ ਜਾਂਦੇ ਹਨ ਪਰੰਤੂ ਆਉਂਦੇ ਸਮੇਂ ਉਨ੍ਹਾਂ ਸਾਰਿਆਂ ਨੂੰ 500-700 ਗਜ਼ ਦੂਰ ਜਾ ਕੇ ਬੱਸ ਮਿਲਦੀ ਹੈ। ਦਿੱਲੀ ਵਿੱਚ ਵੀ ਤੁਹਾਡੀ ਆਪਣੀ ਗੌਰਮਿੰਟ ਹੈ।

**1255/Rajneet Kaur/Shubham jain**

**1300/Kuldeep kaur**

**ਮਾਣਯੋਗ ਸਪੀਕਰ**: ਬਾਜਵਾ ਜੀ, ਮੇਰੀ ਇੱਕ ਬੇਨਤੀ ਸੁਣ ਲਵੋ। ਤੁਸੀਂ ਸਾਰਿਆਂ ਨਾਲੋਂ ਵੱਧ experienced ਹੋ। ਤੁਹਾਨੂੰ ਵੇਖ ਕੇ ਹੀ ਸਭ ਨੇ ਸਿੱਖਣਾ ਹੈ। ਤੁਸੀਂ ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮੈਂ ਤੁਹਾਨੂੰ ਉਹ ਹੀ ਤਾਂ ਸਮਝਾਉਣਾ ਚਾਹੁੰਦਾ ਹਾਂ । ਹੁਣ ਮੈਂ ਕੀ ਕਹਾਂ? 10 ਮਹੀਨਿਆਂ ਬਾਅਦ ਤਾਂ ਬਹੁਤ ਕੰਮ ਹੋ ਜਾਂਦੇ ਹਨ। ਦਸਾਂ ਮਹੀਨਿਆਂ ਬਾਅਦ ਤੁਸੀਂ ਮੇਰਾ ਸਵਾਲ ਲਗਾਇਆ ਹੈ। ਮੈਂ ਤਾਂ ਤੁਹਾਨੂੰ ਇਹ ਸੁਜੈਸ਼ਨ ਦੇਣੀ ਚਾਹੁੰਦਾ ਹਾਂ ਕਿ ਜਿਹੜੇ ਐਨ.ਆਰ.ਆਈ. ਆਉਂਦੇ ਹਨ ਜਿਸ ਜਗ੍ਹਾ ਤੋਂ ਉਨ੍ਹਾਂ ਨੂੰ pick up ਹੈ ਜੇ ਉਸ ਜਗ੍ਹਾ ਤੋਂ ਤੁਸੀਂ pick up ਦਾ ਪ੍ਰਬੰਧ ਹੀ ਨਾ ਕੀਤਾ ਤਾਂ obviously private entrepreneur transporters ਨੂੰ ਐਡਵਾਂਟੇਜ ਜਾ ਰਿਹਾ ਹੈ।

**ਮਾਣਯੋਗ ਸਪੀਕਰ**: ਥੈਂਕ ਯੂ। ਭੁੱਲਰ ਸਾਹਿਬ ਇਨ੍ਹਾਂ ਦੀ ਗੱਲ ਬਿਲਕੁਲ ਦਰੁੱਸਤ ਹੈ। ਕੀ ਤੁਸੀਂ pick up ਦਾ ਪ੍ਰਬੰਧ ਕਰੋਗੇ?

**ਮੰਤਰੀ:** ਬਾਜਵਾ ਸਾਹਿਬ ਨੇ ਜਿਹੜੀ ਗੱਲ ਕੀਤੀ ਹੈ, ਉਹ ਬਿਲਕੁਲ genuine ਹੈ ਪਰ ਜਿਹੜੀ ਪ੍ਰਾਈਵੇਟ ਕੰਪਨੀ ਹੈ, ਉਸ ਨੇ ਲਗਭਗ 2 ਕਰੋੜ ਰੁਪਏ ਦੇ ਕਰੀਬ ਉਨ੍ਹਾਂ ਨੇ ਸਕਿਉਰਟੀ ਦਿੱਤੀ ਹੈ। ਜਿਹੜੀ ਕਿ ਉੱਥੇ ਏਅਰਪੋਰਟ ਅਥਾਰਟੀ ਹੈ। ਜਿਹੜੀ ਉਨ੍ਹਾਂ ਦੀ ਬੱਸ ਏਅਰਪੋਰਟ ਦੇ ਨਾਲ ਖੜ੍ਹਦੀ ਹੈ, ਉਹ 35 ਤੋਂ 40 ਲੱਖ ਰੁਪਿਆ ਪ੍ਰਤੀ ਮਹੀਨਾ ਕਿਰਾਇਆ ਪੇਅ ਕਰਦੀ ਹੈ। ਅਸੀਂ ਵੀ ਕੋਸ਼ਿਸ਼ ਕਰ ਰਹੇ ਹਾਂ ਕਿ ਸਾਡੀ ਸਰਕਾਰੀ ਬੱਸ ਉੱਥੇ ਆਵੇ ਅਤੇ ਤੇ ਅਸੀਂ ਵੀ ਉੱਥੇ ਬੱਸਾਂ ਖੜ੍ਹੀਆਂ ਕਰੀਏ ਤਾਂ ਜੋ ਉੱਥੇ ਆਉਣ ਵਾਲੇ ਯਾਤਰੀਆਂ ਨੂੰ ਕੋਈ ਦਿੱਕਤ ਨਾ ਆਵੇ ਅਤੇ ਜਿਹੜੀ ਸਰਕਾਰੀ ਬੱਸ 500 ਗਜ਼ ਦੂਰ ਖੜ੍ਹਦੀ ਹੈ, ਉਹ ਏਅਰਪੋਰਟ ਦੇ ਨੇੜੇ ਖੜ੍ਹੇ।

**ਮਾਣਯੋਗ ਸਪੀਕਰ:** ਥੈਂਕ ਯੂ । ਹਾਂ ਜੀ, ਬਾਜਵਾ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੈੱਲ ਆਫ ਦਿ ਹਾਊਸ ਤੋਂ ਆਪਣੀ ਸੀਟ ਤੇ ਚਲੇ ਗਏ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੇਰੀ ਇੱਕੋ ਬੇਨਤੀ ਹੈ ਕਿ ਤੁਹਾਡਾ ਕਨਵੀਨਰ ਉਦੋਂ ਇਸ ਨੂੰ ਮਾਫੀਆ ਦੱਸਦਾ ਸੀ। ਡੇਢ ਸਾਲ ਹੋ ਗਏ ਹਨ, ਤੁਹਾਡੇ ਤੋਂ ਤਾਂ ਇਹ ਮਾਫੀਆ ਬੰਦ ਨਹੀਂ ਹੋਇਆ ਹੈ। ਹੁਣ ਆਪਾਂ ਉਹ ਹੀ ਪੁਰਾਣੀ ਗੱਲ ਤੇ ਆ ਗਏ ਹਾਂ ਕਿ ਅਸੀਂ ਅਜੇ ਕੋਸ਼ਿਸ਼ ਕਰ ਰਹੇ ਹਾਂ। ਦਿੱਲੀ ਵਿੱਚ ਵੀ ਤੁਹਾਡੀ government ਹੈ। ਪੰਜਾਬ ਵਿੱਚ ਵੀ ਤੁਹਾਡੀ government ਹੈ। ਇਸ ਕੰਮ ਵਿੱਚ ਰੁਕਾਵਟ ਕੀ ਆ ਰਹੀ ਹੈ? ਕੀ ਤੁਸੀਂ ਜਾਣ-ਬੁੱਝ ਕੇ ਇੰਡੋ-ਕੈਨੇਡੀਅਨ ਨੂੰ ਪੈਸਾ ਕਮਾਉਣ ਦਾ ਮੌਕਾ ਦੇ ਰਹੇ ਹੋ?

**ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਸਹੀ ਸੀ ਕਿ ਉਨ੍ਹਾਂ ਦਾ ਕਿਰਾਇਆ ਤਿੰਨ ਗੁਣਾ ਜ਼ਿਆਦਾ ਸੀ। ਜਦੋਂ ਦੀ ਪੰਜਾਬ ਸਰਕਾਰ ਦੀ ਬੱਸ ਦਿੱਲੀ ਏਅਰਪੋਰਟ ਲਈ ਚਲਾਈ ਗਈ ਹੈ, ਉਨ੍ਹਾਂ ਦਾ ਕਿਰਾਇਆ ਘਟ ਕੇ ਆਪਣੇ ਨਾਲੋਂ ਥੋੜ੍ਹਾ ਜਿਹਾ ਹੀ ਵੱਧ ਰਹਿ ਗਿਆ ਹੈ। ਉਨ੍ਹਾਂ ਦਾ ਕਿਰਾਇਆ ਕਾਫੀ ਘੱਟ ਗਿਆ ਹੈ। (ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ)

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਸਪਲੀਮੈਂਟਰੀ ਜੀ।

**ਮਾਣਯੋਗ ਸਪੀਕਰ:** ਜੀ, ਰਾਜਾ ਜੀ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਵੈਸੇ ਤਾਂ ਜਨਾਬ ਮੇਰਾ ਸਵਾਲ ਪੁੱਛਣਾ ਇਸ ਲਈ ਨਹੀਂ ਬਣਦਾ ਸੀ ਕਿਉਂਕਿ ਸੈਸ਼ਨ ਦੇ ਲੀਗਲ ਜਾਂ ਇਲੀਗਲ ਹੋਣ ਦੀ ਲੜਾਈ ਚੱਲ ਰਹੀ ਹੈ।

(ਇਸ ਸਮੇਂ ਟਰੇਜ਼ਰੀ ਬੈਂਚਿੰਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ-ਬੈਠੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਗੱਲ ਤਾਂ ਕਰ ਲੈਣ ਦਿਓ।

**ਮਾਣਯੋਗ ਸਪੀਕਰ:** ਮਾਣਯੋਗ ਮੈਂਬਰ ਸਾਹਿਬ ਨੂੰ ਗੱਲ ਕਰ ਲੈਣ ਦਿਓ। ਮੈਂਬਰ ਸਾਹਿਬ ਹੁਣ ਗੱਲ ਕਰ ਰਹੇ ਹਨ, ਕੋਈ ਗੱਲ ਨਹੀਂ ਉਨ੍ਹਾਂ ਦੀ ਗੱਲ ਤਾਂ ਸੁਣ ਲਵੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਮੈਂਬਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮਾਫੀਆ ਨੂੰ ਤੋੜਣ ਵਾਸਤੇ, ਇੰਡੋ-ਕੈਨੇਡੀਅਨ ਦੀ ਮਨੋਪਲੀ ਨੂੰ ਤੋੜਣ ਵਾਸਤੇ ਜਿਵੇਂ ਕਿ ਉਹ 4 ਹਜ਼ਾਰ ਰੁਪਿਆ ਸਾਡੇ ਐਨ.ਆਰ.ਆਈ. ਭਰਾਵਾਂ ਤੋਂ ਜਾਂ ਦਿੱਲੀ ਜਾਣ ਵਾਲਿਆਂ ਤੋਂ ਲੈਂਦੇ ਸਨ। ਉਨ੍ਹਾਂ ਦੀ ਮਨੋਪਲੀ ਤੋੜਣ ਵਾਸਤੇ ਤਾਂ ਅਸੀਂ ਦਿੱਲੀ ਨੂੰ ਬੱਸ ਚਲਾਈ ਸੀ। ਮੰਤਰੀ ਸਾਹਿਬ ਨੇ ਇਹ ਜਵਾਬ ਦਿੱਤਾ ਹੈ ਕਿ ਉਹ 2 ਕਰੋੜ ਰੁਪਿਆ ਭਰਦੇ ਹਨ। ਜਿਹੜਾ ਇਹ ਚੰਦ ਬੱਸਾਂ ਦਾ ਮਾਫੀਆ ਹੈ ਕੀ ਉਹ ਸਰਕਾਰ ਤੋਂ ਵੱਡਾ ਹੋ ਗਿਆ? ਉਹ ਏਅਰਪੋਰਟ ਅਥਾਰਿਟੀ ਨੂੰ 2 ਕਰੋੜ ਰੁਪਿਆ ਭਰਦਾ ਹੈ। ਹਾਲਾਂਕਿ ਇਹ ਵੀ ਗੱਲ ਗਲਤ ਕਹੀ ਗਈ ਕਿ ਉਹ 40 ਲੱਖ ਰੁਪਿਆ ਉੱਥੇ ਬੱਸ ਖੜ੍ਹਣ ਦੀ ਫੀਸ ਭਰਦਾ ਹੈ। ਇਹ ਬਿਲਕੁਲ ਨਹੀਂ ਹੈ ਪਰ ਮੈਂ ਇਹ ਵੀ ਗੱਲ ਮੰਨ ਲੈਂਦਾ ਹਾਂ। ਕੀ ਮਾਫੀਆ ਸਰਕਾਰ ਤੋਂ ਇੰਨਾ ਵੱਡਾ ਹੋ ਗਿਆ ਕਿ ਉਹ ਮੰਨ ਗਿਆ ਕਿ ਉਨ੍ਹਾਂ ਦੀ ਟਿਕਟ ਜ਼ਿਆਦਾ ਹੈ। ਟਿਕਟ ਜ਼ਿਆਦਾ ਹੋਣ ਦੇ ਬਾਵਜੂਦ ਸਾਡੀ ਬੱਸ ਤੇ ਕੋਈ ਚੜ੍ਹਨ ਲਈ ਤਿਆਰ ਨਹੀਂ ਹੈ। ਇਸ ਦਾ ਮਤਲਬ ਸਾਡੇ ਵਿੱਚ ਕਮੀਆਂ ਹਨ। ਤੁਸੀਂ ਇੱਕ ਬੱਸ ਨੂੰ ਝੰਡੀ ਦੇ ਕੇ ਵਿਖਾ ਦਿੱਤਾ ਕਿ ਹੁਣ ਸਾਰਾ ਮਾਫੀਆ ਤੋੜ ਦਿੱਤਾ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਸਹੂਲਤ ਮਿਲ ਗਈ ਹੈ। ਅੱਜ ਫਿਰ ਪੰਜਾਬ ਦੇ ਲੋਕ ਉਨ੍ਹਾਂ ਮਾਫੀਆ ਦੀਆਂ ਬੱਸਾਂ ਤੇ ਚੜ੍ਹਨ ਲਈ ਮਜਬੂਰ ਹਨ।

**ਮਾਨਯੋਗ ਸਪੀਕਰ:** ਠੀਕ ਹੈ, ਤੁਹਾਡੀ ਗੱਲ ਆ ਗਈ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਕੀ ਸਾਡੀ ਬੱਸ ਏਅਰਪੋਰਟ ਦੇ ਨੇੜੇ ਖੜ੍ਹੀ ਕਰਨ ਲਈ ਸਾਡੇ ਕੋਲ 2 ਕਰੋੜ ਰੁਪਿਆ ਨਹੀਂ ਹੈ ਕਿਉਂਕਿ ਹੁਣ ਤਾਂ ਖਜ਼ਾਨਾ ਵੀ ਭਰਿਆ ਪਿਆ ਹੈ। ਕੀ ਮੰਤਰੀ ਸਾਹਿਬ ਇਸ ਲਈ ਕੋਈ ਇੰਤਜ਼ਾਮ ਕਰਨਗੇ ਕਿ ਸਾਨੂੰ ਰੈਵੇਨਿਊ ਆਵੇ ਅਤੇ ਲੋਕ ਸਾਡੀਆਂ ਬੱਸਾਂ ਤੇ ਚੜ੍ਹਨ। ਉਨ੍ਹਾਂ ਦਾ ਕਿਰਾਇਆ ਜ਼ਿਆਦਾ ਹੈ ਅਤੇ ਸਾਡਾ ਘੱਟ ਹੈ। ਇਸ ਦੇ ਬਾਵਜੂਦ ਵੀ ਲੋਕ ਸਾਡੀਆਂ ਬੱਸਾਂ ਤੇ ਕਿਉਂ ਨਹੀਂ ਚੜ੍ਹਦੇ? ਕੀ ਮੰਤਰੀ ਸਾਹਿਬ ਇਸ ਲਈ ਕੋਈ ਬੰਦੋਬਸਤ ਕਰਨਗੇ?

**ਮੰਤਰੀ:** ਮੈਂ ਮਾਣਯੋਗ ਬਾਜਵਾ ਸਾਹਿਬ ਦੇ ਸਵਾਲ ਦਾ ਜਵਾਬ ਦਿੱਤਾ ਸੀ। ਬਾਕੀ ਆਪਣੀਆਂ ਵੱਖ-ਵੱਖ ਸ਼ਹਿਰਾਂ ਤੋਂ 27 ਬੱਸਾਂ ਚਲਦੀਆਂ ਹਨ। ਆਪਣੀ ਬੱਸ ਇੱਧਰੋਂ ਵੀ ਭਰੀ ਜਾਂਦੀ ਹੈ ਅਤੇ ਏਅਰਪੋਰਟ ਤੋਂ ਵੀ ਭਰੀ ਆਉਂਦੀ ਹੈ। 27 ਬੱਸਾਂ ਤੋਂ ਜਿਹੜੀ ਵੱਧ ਸਵਾਰੀ ਰਹਿ ਜਾਂਦੀ ਹੈ, ਉਹ ਜਿਹੜਾ ਇਹ ਪ੍ਰਾਈਵੇਟ ਮਾਫੀਆ ਕਹਿੰਦੇ ਹਨ ਉਹ ਪ੍ਰਾਈਵੇਟ ਬੱਸਾਂ ਤੇ ਚੜ੍ਹਦੀ ਹੈ। (ਥੰਪਿੰਗ) ਆਪਣੀ ਬੱਸ ਚੱਲੀ ਨੂੰ ਲਗਭਗ ਸਵਾ ਸਾਲ ਹੋਇਆ ਹੈ। ਪਹਿਲਾਂ ਪਿਛਲੀ ਸਰਕਾਰ ਦੇ ਵਿੱਚ ਬੱਸ ਬੰਦ ਰਹੀ ਸੀ। ਆਪਣੀ ਬੱਸ ਚੱਲੀ ਤੋਂ ਸਵਾ ਸਾਲ ਦੇ ਵਿੱਚ 42,31,72,289 ਰੁਪਿਆ ਆਪਾਂ ਨੂੰ ਆਇਆ ਹੈ। 27 ਬੱਸਾਂ

ਭਰੀਆਂ ਹੀ ਆਉਂਦੀਆਂ ਹਨ, ਭਰੀਆਂ ਹੀ ਜਾਂਦੀਆਂ ਹਨ। ਜਿਹੜੀ ਬਾਕੀ ਸਵਾਰੀ ਪਿੱਛੇ ਬਚ ਜਾਂਦੀ ਹੈ, ਉਸ ਨੇ ਤਾਂ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਮੰਜ਼ਿਲ ਤੇ ਪਹੁੰਚਣਾ ਹੀ ਹੈ।

**1300/Kuldeep kaur/Abhishek gautam**

**1305/Pawan sharma**

**ਮਾਣਯੋਗ ਸਪੀਕਰ:** ਚਲੋ ਰਾਜਾ ਜੀ, ਤੁਸੀਂ ਬੈਠੋ। ਬਾਜਵਾ ਜੀ ਦਾ ਸਵਾਲ ਹੈ। ਬਾਜਵਾ ਜੀ ਦੀ ਸਪਲੀਮੈਂਟਰੀ ਲੈ ਲੈਂਦੇ ਹਾਂ। ਬਾਜਵਾ ਜੀ, ਇਸ ਸਵਾਲ ਦੇ ਸਬੰਧ ਵਿੱਚ ਕੁਝ ਕਹਿਣਾ ਚਾਹੁੰਦੇ ਹੋ?

(ਇਸ ਸਮੇਂ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ,ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਵੈੱਲ ਆਫ ਦਿ ਹਾਊਸ

ਵਿੱਚ ਆ ਗਏ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਗੱਲ ਫਿਰ ਉੱਥੇ ਆ ਗਈ ਕਿਉਂਕਿ ਇੱਕ illegal ਸਵਾਲ ਸੀ, ਉੱਥੇ ਜਵਾਬ ਦੇ ਦਿੱਤਾ ਹੈ। ਗੱਲ ਵੈਸੇ illegal ਸੀ, ਇਹੋ ਜਿਹਾ ਕੰਮ ਸੀ, ਇਹੋ ਜਿਹੇ ਹੀ ਜਵਾਬ ਆਈ ਜਾਂਦੇ ਹਨ।

**ਮਾਣਯੋਗ ਸਪੀਕਰ:** ਬੈਠੋ, ਸਾਰੇ ਬੈਠੋ। ਮੈਂ ਬੜੇ ਖੇਦ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਸ ਪਵਿੱਤਰ ਸਦਨ ਵਿੱਚ ਮਾਣਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਵੱਲੋਂ ਲਗਾਇਆ ਗਿਆ ਸਵਾਲ ਹੀ illegal ਹੈ, ਕਮਾਲ ਦੀ ਗੱਲ ਹੈ। ਬਿਲਕੁਲ illegal ਨਹੀਂ, ਜਿਹੜੇ ਸਵਾਲ ਲਗਾਏ ਗਏ ਹਨ, legal ਸਵਾਲ ਹਨ। Nothing doing. ਕਿਰਪਾ ਕਰਕੇ ਪੰਜਾਬ ਦੇ ਲੋਕਾਂ ਦਾ ਸਮਾਂ ਆਪਾਂ ਬਰਬਾਦ ਨਾ ਕਰੀਏ। ਇਹ ਤਾਂ ਉਹ ਗੱਲ ਹੋਈ ਕਿ ਜਦੋਂ ਕੋਈ ਕਿਸੇ ਕੋਲ ਪੈਸੇ ਲੈਣ ਜਾਂਦਾ ਸੀ ਤਾਂ ਉਸ ਨੂੰ ਪੈਸੇ ਦੇਣ ਦੀ ਬਜਾਏ ਬੁੜ੍ਹਾ ਬੁੜ੍ਹੀ ਆਪਸ ਵਿੱਚ ਲੜਨ ਲੱਗ ਜਾਂਦੇ ਸਨ, ਰੌਲਾ ਰੱਪਾ ਪਾਉਣ ਲੱਗ ਜਾਂਦੇ ਸੀ। ਤੁਸੀਂ ਰੌਲਾ ਪਾਉਣ ਵਾਲਾ ਕੰਮ ਕਰਦੇ ਹੋ, ਮਹਾਰਾਜ, ਪੰਜਾਬ ਦੇ ਲੋਕਾਂ ਨੂੰ ਹਿਸਾਬ ਦਿਓ । ਪੰਜਾਬ ਦੇ ਲੋਕਾਂ ਨੇ ਆਪਣੇ ਕੋਲੋਂ ਹਿਸਾਬ ਲੈਣਾ ਹੈ। ਸੋ, ਹੁਣ ਮੈਂ ਅਗਲੇ ਸਵਾਲ ਤੇ ਜਾ ਰਿਹਾ ਹਾਂ। ਅਸੀਂ legality ਸਬੰਧੀ ਡਿਸਕਸ ਕਰ ਲਵਾਂਗੇ। ਤੁਹਾਡੀ ਗੱਲ ਵੀ ਸੁਣ ਲਈ ਜਾਵੇਗੀ। ਮੈਂ ਹਰੇਕ ਦੀ ਗੱਲ ਸੁਣਨ ਲਈ ਬੈਠਾ ਹਾਂ। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹੋ?

**ਮੰਤਰੀ:** ਸਪੀਕਰ ਸਾਹਿਬ, ਮੈਂ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਜੇ ਇਹ ਕਹਿੰਦੇ ਹਨ ਕਿ illegal ਸੈਸ਼ਨ ਹੈ, ਬਾਜਵਾ ਜੀ ਅਤੇ ਰਾਜਾ ਵੜਿੰਗ ਜੀ ਨੇ ਹੁਣੇ ਹੀ ਸਵਾਲ ਪੁੱਛੇ ਹਨ, ਆਪਣੇ ਸਵਾਲ ਪੁੱਛੇ ਕੇ ਹੁਣ ਸੈਸ਼ਨ illegal ਹੋ ਗਿਆ? ਜਦੋਂ ਇਨ੍ਹਾਂ ਦਾ ਸਵਾਲ ਆਉਂਦਾ ਹੈ ਤਾਂ legal ਹੋ ਗਿਆ ਅਤੇ ਜੇਕਰ ਦੂਜੇ ਦਾ ਸਵਾਲ ਆਉਂਦਾ ਹੈ ਤਾਂ illegal ਹੋ ਜਾਂਦਾ ਹੈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਵੈੱਲ ਆਫ ਦਿ ਹਾਊਸ ਵਿੱਚ ਆ ਗਏ ।)

**ਮਾਣਯੋਗ ਸਪੀਕਰ:** Legality ਅਤੇ illegality ਦੀ ਗੱਲ ਡਿਸਕਸ ਕਰ ਸਕਦੇ ਹਾਂ ਪਰ ਪਹਿਲਾਂ ਜਿਹੜੇ sacrosanct, ਜਿਹੜੇ ਪੰਜਾਬ ਦੇ ਲੋਕਾਂ ਦੇ ਦੁੱਖ ਦਰਦਾਂ ਦੇ ਸਵਾਲ ਹਨ, ਉਹ ਤਾਂ ਕਰ ਲਈਏ। ਜੇ ਕੋਈ ਸੰਵਿਧਾਨਕ ਗੱਲ ਹੈ ਤਾਂ ਉਹ ਵੀ ਬਾਅਦ ਵਿੱਚ ਹੋ ਜਾਵੇਗੀ।

-------

**ਸਕੂਲੀ ਪੱਧਰ ਤੇ ਖੇਡਾਂ ਨੂੰ ਪ੍ਰਫੁਲਿਤ ਕਰਨਾ**

***773. ਸ੍ਰੀ ਗੁਰਿੰਦਰ ਸਿੰਘ ਗੈਰੀ ਬੜਿੰਗ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਸਰਕਾਰ ਵੱਲੋਂ ਸਕੂਲੀ ਪੱਧਰ ਤੇ ਖੇਡਾਂ ਦੇ ਢਾਂਚੇ ਬਣਾਉਣ ਅਤੇ ਪ੍ਰਫੁਲਿਤ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ:** ਰਾਜ ਸਰਕਾਰ ਸਕੂਲੀ ਪੱਧਰ ਤੇ ਖੇਡਾਂ ਦੇ ਵਿਕਾਸ ਲਈ ਵਚਨਬੱਧ ਹੈ। ਇਸ ਮੰਤਵ ਲਈ ਵਿੱਤੀ ਸਾਲ 2022-23 ਦੌਰਾਨ ਰਾਜ ਸਰਕਾਰ ਵੱਲੋਂ ਸਕੂਲੀ ਪੱਧਰ ਤੇ ਖੇਡਾਂ ਦਾ ਢਾਂਚਾ ਤਿਆਰ ਕਰਨ ਲਈ ਕੁੱਲ 05 ਕਰੋੜ ਦੀ ਗਰਾਂਟ ਦਾ ਬਜਟ ਉਪਬੰਧ ਕੀਤਾ ਗਿਆ ਸੀ ਜਿਸ ਵਿੱਚੋਂ 04 ਕਰੋੜ ਰੁਪਏ ਦੀ ਰਾਸ਼ੀ ਸਬੰਧਿਤ ਸਰਕਾਰੀ ਸਕੂਲਾਂ ਨੂੰ ਉਨ੍ਹਾਂ ਦੀ ਮੰਗ ਅਨੁਸਾਰ ਜਾਰੀ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਭਾਰਤ ਸਰਕਾਰ ਵੱਲੋਂ ਖੇਡਾਂ ਦਾ ਸਮਾਨ ਖਰੀਦਣ ਲਈ ਵਿੱਤੀ ਸਾਲ 2022-23 ਅਧੀਨ ਜਾਰੀ ਕੀਤੀ ਗਈ ਕੁੱਲ 18.21 ਕਰੋੜ ਰੁਪਏ ਦੀ ਰਾਸ਼ੀ ਸਮੂਹ ਸਰਕਾਰੀ ਸਕੂਲਾਂ ਨੂੰ ਜਾਰੀ ਕਰ ਦਿੱਤੀ ਗਈ ਹੈ।

**ਸ੍ਰੀ ਗੁਰਿੰਦਰ ਸਿੰਘ ਗੈਰੀ ਬੜਿੰਗ:** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਸਵਾਲ ਵੀ ਕਰਨਾ ਚਾਹੁੰਦਾ ਹਾਂ ਅਤੇ ਬੇਨਤੀ ਵੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਹਲਕੇ ਅਮਲੋਹ ਵਿੱਚ ਬੱਚਿਆਂ ਦੇ ਵਿੱਚ ਹਾਕੀ ਦਾ ਬਹੁਤ ਚਲਨ ਹੈ, ਸਾਡੇ ਦਰਜਨਾਂ ਹੀ ਹਾਕੀ ਦੇ ਨੈਸ਼ਨਲ ਅਤੇ ਇੰਟਰਨੈਸ਼ਨਲ ਪਲੇਅਰ ਹੋਏ ਹਨ। ਮੈਂ ਮੰਤਰੀ ਸਾਹਿਬ ਨੂੰ ਸਵਾਲ ਕਰਨਾ ਚਾਹੁੰਦਾ ਹਾਂ ਕਿ ਕੀ ਉਹ ਅਮਲੋਹ ਦੇ ਸਕੂਲ ਆਫ ਐਮੀਨੈਂਸ ਵਿੱਚ ਇੱਕ ਹਾਕੀ ਦਾ Astro Turf ਐਲਾਨ ਕਰ ਸਕਦੇ ਹਨ?

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਕੋਸ਼ਿਸ਼ ਹੈ ਕਿ ਸਕੂਲ ਆਫ ਐਮੀਨੈਂਸ ਵਿੱਚ Best Sports Infrastructure ਦੇਈਏ ਤੇ ਹਰ ਜ਼ਿਲ੍ਹੇ ਦੇ ਸਕੂਲ ਆਫ ਐਮੀਨੈਂਸ ਵਿੱਚ ਇੱਕ ਸਵਿਮਿੰਗ ਪੂਲ ਅਤੇ ਇੱਕ Astro Turf ਜਾਂ six-a-side ਹੋਵੇ, ਐਮ.ਐਲ.ਏ. ਸਾਹਿਬ ਮੈਨੂੰ ਮਿਲ ਸਕਦੇ ਹਨ। ਅਸੀਂ ਪੂਰੀ ਕੋਸ਼ਿਸ਼ ਕਰਾਂਗੇ। ਇਸ ਤੋਂ ਇਲਾਵਾ ਮੇਰੀ ਖੇਡ ਮੰਤਰੀ ਸਾਹਿਬ ਨਾਲ ਵੀ ਗੱਲ ਹੋਈ ਹੈ। ਸਾਡੀ ਸਰਕਾਰ 250 ਨਰਸਰੀਆਂ ਦੀ ਸ਼ੁਰੂਆਤ ਕਰਨ ਜਾ ਰਹੀ ਹੈ। ਇਹ ਵੀ ਇੱਕ ਬਹੁਤ ਵੱਡਾ ਉਪਰਾਲਾ ਹੈ। ਉਨ੍ਹਾਂ ਨਾਲ ਮਿਲ ਕੇ ਅਸੀਂ ਜੁਆਇੰਟ ਕੰਮ

ਕਰਾਂਗੇ ਤਾਂ ਕਿ ਜਿਹੜੇ ਅਮਲੋਹ ਹਲਕੇ ਦੇ ਸਾਡੇ ਬੱਚੇ ਹਨ, ਉਹ ਹਾਕੀ ਦੇ ਖਿਡਾਰੀ ਬਣ ਸਕਣ। ਅਸੀਂ ਪੂਰੀ ਮਦਦ ਕਰਾਂਗੇ। ਐਮ.ਐਲ.ਏ. ਸਾਹਿਬ ਮੈਨੂੰ ਮਿਲ ਸਕਦੇ ਹਨ।

**ਸ੍ਰੀ ਗੁਰਿੰਦਰ ਸਿੰਘ ਗੈਰੀ ਬੜਿੰਗ:** ਸਰ, ਮੈਂ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਮੈਨੂੰ ਮਿਲਣ ਦਾ ਸਮਾਂ ਦਿੱਤਾ ਹੈ ਅਤੇ ਜਿਹੜਾ ਹਾਕੀ ਦਾ six player per side ਦਾ astro turf ਹੈ, ਉਨ੍ਹਾਂ ਨੇ ਕਿਹਾ ਹੈ ਕਿ ਕੰਸੀਡਰ ਕੀਤਾ ਜਾਵੇਗਾ। ਬਹੁਤ ਬਹੁਤ ਧੰਨਵਾਦ ਜੀ।

**ਸ੍ਰੀ ਗੁਰਲਾਲ ਘਨੌਰ:** ਸਤਿ ਸ੍ਰੀ ਅਕਾਲ ਜੀ। ਮੈਂ, ਸਪੀਕਰ ਸਾਹਿਬ ਜੀ ਦੇ ਧਿਆਨ ਵਿੱਚ ਇਹ ਲਿਆਉਣਾ ਚਾਹੁੰਦਾ ਹਾਂ ਕਿ ਇੱਕ ਸਕੂਲ ਐਜੂਕੇਸ਼ਨ ਡਿਪਾਰਟਮੈਂਟ, ਜਿਹੜੇ ਮੰਤਰੀ ਸਾਹਿਬ ਦੇ ਅਧੀਨ ਆਉਂਦਾ ਹੈ, ਉਸ ਦੇ ਵਿੱਚ ਹਰ ਸਾਲ ਮਈ ਦੇ ਮਹੀਨੇ ਵਿੱਚ ਸਪੋਰਟਸ ਦੇ ਕੈਂਪਸ ਲਗਦੇ ਸਨ ਪਰ ਮੰਤਰੀ ਸਾਹਿਬ, ਵੱਡੇ ਸੀਨੀਅਰ ਅਫਸਰਾਂ ਦੇ ਧਿਆਨ ਵਿੱਚ ਆਉਣ ਦੇ ਬਾਵਜੂਦ ਵੀ ਅਕਤੂਬਰ ਮਹੀਨੇ ਤੱਕ ਕੈਂਪ ਨਹੀਂ ਲਗਾਏ ਗਏ। ਪਲੀਜ਼, ਇਸ ਤੇ ਜ਼ਰੂਰ ਧਿਆਨ ਕਰੋ ਜੀ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ:** ਸਵਾਲ ਵੱਖਰਾ ਬਣਦਾ ਹੈ, ਜੇਕਰ ਮੰਤਰੀ ਸਾਹਿਬ ਜਵਾਬ ਦੇਣਾ ਚਾਹੁੰਦੇ ਹਨ ਤਾਂ ਦੇ ਸਕਦੇ ਹਨ।

**ਮੰਤਰੀ**: ਐਮ.ਐਲ.ਏ. ਸਾਹਿਬ ਤੁਸੀਂ ਆ ਜਾਣਾ, ਤੁਸੀਂ expert ਹੋ, ਅਸੀਂ ਸੈਸ਼ਨ ਤੋਂ ਬਾਅਦ ਬੈਠ ਕੇ ਗੱਲ ਕਰਾਂਗੇ ।

-------

**1305/Pawan sharma/Abhishek gautam**

**1310/Beant kaur**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਲੁਧਿਆਣਾ ਦੇ ਸਦਰਨ ਬਾਈਪਾਸ (ਸ਼ਹੀਦ ਬੇਅੰਤ ਸਿੰਘ ਮਾਰਗ) ਦੀ ਰੀਕਾਰਪੈਟਿੰਗ ਕਰਵਾਉਣਾ**

***797. ਸਰਦਾਰ ਕੁਲਵੰਤ ਸਿੰਘ ਸਿੱਧੂ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੁਧਿਆਣਾ ਦੇ ਸਦਰਨ ਬਾਈਪਾਸ ਸੜਕ (ਸ਼ਹੀਦ ਬੇਅੰਤ ਸਿੰਘ ਮਾਰਗ) ਦੀ ਹਾਲਤ ਬਹੁਤ ਖਰਾਬ ਹੋ

ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸਦੀ ਰੀਕਾਰਪੈਟਿੰਗ ਜਾਂ ਨਵ-ਨਿਰਮਾਣ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ** : ਹਾਂ ਜੀ, ਇਸ ਸੜਕ ਨੂੰ ਰਿਪੇਅਰ ਕਰਨ ਦਾ ਕੰਮ ਠੇਕੇਦਾਰ ਨੂੰ ਅਲਾਟ ਕਰ ਦਿੱਤਾ ਗਿਆ ਹੈ। ਇਹ ਕੰਮ 04/2024 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

**ਸਰਦਾਰ ਕੁਲਵੰਤ ਸਿੰਘ ਸਿੱਧੂ** : ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਹ ਕੰਮ ਵਾਕਿਆ ਹੀ ਅਲਾਟ ਹੋ ਚੁੱਕਿਆ ਹੈ ਅਤੇ ਇਸ ਬਾਰੇ ਮੈਨੂੰ ਹੁਣੇ ਹੀ ਸਵਾਲ ਦੇ ਜਵਾਬ ਵਿੱਚ ਪਤਾ ਲੱਗਿਆ ਹੈ ਪਰ ਹੁਣ ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਹਾਲੇ ਤੱਕ ਕੋਈ ਕੰਮ ਸ਼ੁਰੂ ਨਹੀਂ ਹੋਇਆ। ਇਹ 4-5 ਡਿਸਟ੍ਰਿਕਟਸ ਨੂੰ ਜੋੜਦਾ ਹੈ ਅਤੇ ਪੰਜਾਬ ਦੇ ਲੋਕ ਜਿਨ੍ਹਾਂ ਨੇ ਚੰਡੀਗੜ੍ਹ ਆਉਣਾ ਹੁੰਦਾ ਹੈ, ਉਨ੍ਹਾਂ ਨੂੰ ਭਾਰੀ ਦਿੱਕਤਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿੰਨੀ ਜਲਦੀ ਹੋ ਸਕੇ ਇਸ ਕੰਮ ਦੀ ਸ਼ੁਰੂਆਤ ਕਰਵਾਈ ਜਾਵੇ ਤਾਂ ਕਿ ਕੀਮਤੀ ਜਾਨਾਂ ਵੀ ਬਚਣ ਅਤੇ ਸਾਡੇ ਵਪਾਰਾਂ ਵਿੱਚ ਵੀ ਭਾਰੀ ਵਾਧਾ ਹੋਵੇ। (ਵਿਘਨ, ਸ਼ੋਰ)

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਰੋਡ ਲਗਭਗ 27 ਕਿਲੋਮੀਟਰ ਲੰਬੀ ਹੈ ਅਤੇ ਅਸੀਂ ਇਸ ਦੀ ਪ੍ਰਸ਼ਾਸਕੀ ਪ੍ਰਵਾਨਗੀ ਵੀ ਦੇ ਦਿੱਤੀ ਸੀ। ਇਹ ਕੰਮ 53.99 ਲੱਖ ਦਾ ਹੈ ਅਤੇ ਅਸੀਂ ਇਸ ਕੰਮ ਨੂੰ 24 ਅਪ੍ਰੈਲ ਤੱਕ ਕੰਪਲੀਟ ਕਰ ਦੇਣਾ ਹੈ। ਇਸ ਦੀ ਕਰੈਕ ਸੀਲਿੰਗ ਸ਼ੁਰੂ ਹੋ ਚੁੱਕੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਦੇ ਸਾਮ੍ਹਣੇ ਇਹ ਗੱਲ ਵੀ ਰੱਖਣਾ ਚਾਹੁੰਦਾ ਹਾਂ ਕਿ ਇਹ ਸੜਕ ਸਾਲ 2010 ਵਿੱਚ ਬਣੀ ਸੀ ਅਤੇ ਇਸ ਦੀ ਰਿਪੇਅਰ ਸਾਲ 2015 ਤੱਕ ਕਰਨੀ ਬਣਦੀ ਸੀ ਪਰ ਪਿਛਲੀ ਸਰਕਾਰ ਨੇ ਇਸ ਬਾਰੇ ਕੋਈ ਧਿਆਨ ਨਹੀਂ ਦਿੱਤਾ। ਸਾਲ 2015 ਤੋਂ 2022 ਤੱਕ ਪਿਛਲੀ ਸਰਕਾਰ ਨੇ ਇਸ ਉੱਪਰ ਸਿਰਫ 55 ਲੱਖ ਰੁਪਿਆ ਖਰਚ ਕੀਤਾ ਸੀ ਪਰ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਇਸ ਸੜਕ ਵਾਸਤੇ 54 ਕਰੋੜ ਰੁਪਿਆ ਜਾਰੀ ਕੀਤਾ ਗਿਆ ਹੈ। ਸੋ, ਪਿਛਲੇ ਪੰਜ ਸਾਲਾਂ ਦੇ ਮੁਕਾਬਲੇ, ਜਿਸ ਵਿੱਚ ਸਿਰਫ 55 ਲੱਖ ਰੁਪਿਆ ਜਾਰੀ ਕੀਤਾ ਗਿਆ ਸੀ, ਇਸ ਸੜਕ ਵਾਸਤੇ 54 ਕਰੋੜ ਰੁਪਿਆ ਜਾਰੀ ਹੋ ਚੁੱਕਿਆ ਹੈ ਅਤੇ ਸਿਰਫ 5-6 ਮਹੀਨੇ ਬਾਕੀ ਹਨ, ਇਹ ਸੜਕ ਤਿੰਨ ਇਲਾਕਿਆਂ ਗਿੱਲ, ਲੁਧਿਆਣਾ ਸਾਊਥ ਅਤੇ ਆਤਮ ਨਗਰ, ਨੂੰ ਸਮਰਪਿਤ ਕਰ ਦਿੱਤੀ ਜਾਵੇਗੀ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ** : ਮੰਤਰੀ ਜੀ, ਬਹੁਤ ਧੰਨਵਾਦ। ਮੈਂ ਤੁਹਾਨੂੰ ਬੇਨਤੀ ਕਰਨਾ ਚਾਹੁੰਦਾ ਸੀ ਕਿ ਬਾਈਪਾਸ ਵਾਲਾ ਹਿੱਸਾ ਬੜਾ ਖਰਾਬ ਹੈ। ਤੁਸੀਂ ਉਸ ਲਈ ਪੈਸੇ ਮਨਜ਼ੂਰ ਕਰ ਦਿੱਤੇ ਹਨ ਅਤੇ ਮੈਨੂੰ ਆਸ ਹੈ ਕਿ ਕੁਆਲਿਟੀ ਵੀ ਬਹੁਤ ਵਧੀਆ ਹੋਵੇਗੀ। ਬਹੁਤ ਧੰਨਵਾਦ। (ਵਿਘਨ, ਸ਼ੋਰ)

-------

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ** : ਨਾਅਰੇ ਰਿਕਾਰਡ ਨਾ ਕੀਤੇ ਜਾਣ।

## ਬਠਿੰਡਾ ਥਰਮਲ ਪਲਾਂਟ ਅਤੇ ਝੀਲਾਂ ਨੂੰ ਟੂਰਿਜ਼ਮ ਹੱਬ ਵਜੋਂ ਵਿਕਸਤ ਕਰਨਾ

***843. ਸਰਦਾਰ ਜਗਰੂਪ ਸਿੰਘ ਗਿੱਲ** : ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਠਿੰਡਾ ਥਰਮਲ ਪਲਾਂਟ ਅਤੇ ਝੀਲਾਂ ਨੂੰ ਟੂਰਿਜ਼ਮ ਦੀ ਹੱਬ ਵਜੋਂ ਵਿਕਸਤ ਕਰਨ ਦਾ ਵਿਚਾਰ ਰੱਖਦੀ ਹੈ, ਜੇ ਹਾਂ ਤਾਂ ਕਦੋਂ ਤੱਕ? (ਵਿਘਨ, ਸ਼ੋਰ)

**ਮਿਸ ਅਨਮੋਲ ਗਗਨ ਮਾਨ** : ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਇਸ ਪਵਿੱਤਰ ਸਦਨ ਦੇ ਸਪੀਕਰ ਨੂੰ ** ਸਪੀਕਰ ਕਹਿ ਕੇ ਸੰਬੋਧਨ ਕਰਨ ਤੇ ਵਿਰੋਧੀ ਧਿਰ ਦੀ ਬਹੁਤ ਨਿੰਦਾ ਕਰਦੀ ਹਾਂ। ਇਹ ਲੰਬਾ ਸਮਾਂ ਸਿਆਸਤ ਵਿੱਚ ਰਹੇ ਹਨ ਪਰ ਇੱਦਾਂ ਦਾ ਨੈਗੇਟਿਵ ਮਾਹੌਲ ਕ੍ਰੀਏਟ ਕਰਨਾ ਚੰਗੀ ਗੱਲ ਨਹੀਂ ਹੈ। ਮੈਂ ਤੁਹਾਡੀ ਦਰਿਆਦਿਲੀ ਅਤੇ ਉੱਚ ਵਿਚਾਰਾਂ ਨੂੰ ਸਲੂਟ ਕਰਦੀ ਹਾਂ, ਜਿਹੜਾ ਤੁਸੀਂ ਸਾਰਾ ਕੁਝ ਬਰਦਾਸ਼ਤ ਕਰ ਰਹੇ ਹੋ। ਪੰਜਾਬ ਦੇ ਲੋਕਾਂ ਦੇ ਮਸਲੇ ਇੱਥੇ ਰੱਖੇ ਜਾ ਰਹੇ ਹਨ।

**ਮਾਣਯੋਗ ਸਪੀਕਰ** : ਬੀਬਾ ਜੀ, ਤੁਸੀਂ ਜਵਾਬ ਦਿਓ।

**ਮੰਤਰੀ** : ਇਹ ਤਜਰਬੇਕਾਰ ਲੋਕ ਹਨ, ਅਸੀਂ ਹਾਲੇ ਸੈਸ਼ਨ ਸ਼ੁਰੂ ਨਹੀਂ ਕੀਤਾ ਪਰ ਇੰਨਾ ਜ਼ਿਆਦਾ ਨੈਗੇਟਿਵ ਮਾਹੌਲ ਕ੍ਰੀਏਟ ਕੀਤਾ ਹੋਇਆ ਹੈ ਕਿ ਕੰਨ ਦੁਖਦੇ ਹਨ। ਤੁਸੀਂ ਵੱਡੇ ਹੋ, ਸਿਆਣੇ ਹੋ, ਘੱਟੋ ਘੱਟ ਸੁਣ ਤਾਂ ਲਓ।

**ਮਾਣਯੋਗ ਸਪੀਕਰ** : ਮੰਤਰੀ ਜੀ, ਚੇਅਰ ਨੂੰ ਸੰਬੋਧਨ ਕਰੋ।

**ਮੰਤਰੀ** : ਇੰਨੀ ਸਤਿਕਾਰਯੋਗ ਸ਼ਖਸੀਅਤ ਹੈ। ਸਪੀਕਰ ਸਾਹਿਬ ਬੜੇ ਅਦਬ ਨਾਲ, ਪਿਆਰ ਨਾਲ ਸਮਾਂ ਦਿੰਦੇ ਹਨ।

**ਮਾਣਯੋਗ ਸਪੀਕਰ** : ਮੰਤਰੀ ਜੀ, ਤੁਸੀਂ ਜਵਾਬ ਦਿਓ।

**ਮੰਤਰੀ** : ਅਜਿਹੀ ਮਾਣਯੋਗ ਸ਼ਖਸੀਅਤ ਨੂੰ ** ਕਹਿ ਕੇ ਬੁਲਾਉਣਾ, ਇਹ ਕਿੰਨੀ ਕੁ ਚੰਗੀ ਗੱਲ ਹੈ?

**ਮਾਣਯੋਗ ਸਪੀਕਰ** : ਤੁਸੀਂ ਸਵਾਲ ਦਾ ਜਵਾਬ ਦਿਓ ਜੀ।

**ਮੰਤਰੀ** : ਅਜਿਹਾ ਮਾਹੌਲ ਕ੍ਰੀਏਟ ਕਰਨਾ ਜਦ ਕਿ ਪੰਜਾਬ ਦੇ ਲੋਕਾਂ, ਪੰਜਾਬ ਦੇ ਧੀਆਂ ਪੁੱਤਾਂ ਦੇ ਮਸਲੇ ਹੱਲ ਕੀਤੇ ਜਾ ਰਹੇ ਹਨ ਪਰ ਆਪਾਂ ਅਜਿਹਾ ਮਾਹੌਲ ਕ੍ਰੀਏਟ ਕਰ ਰਹੇ ਹਾਂ।

**ਮਾਣਯੋਗ ਸਪੀਕਰ** : ਮੰਤਰੀ ਜੀ, ਸਵਾਲ ਦਾ ਜਵਾਬ ਦਿਓ ਜੀ।

**ਮੰਤਰੀ** : ਬਾਬੇ ਨਾਨਕ ਨੇ ਮਿਹਰ ਕੀਤੀ ਤਾਂ ਪੰਜਾਬ ਵਿੱਚ ਸਾਰਾ ਕੁਝ ਹੋ ਜਾਣਾ ਹੈ। (ਵਿਘਨ..) ਤੁਹਾਡੇ ਕੋਲ ਹੋਰ ਕੋਈ ਮੁੱਦਾ ਹੈ ਹੀ ਨਹੀਂ।

**ਮਾਣਯੋਗ ਸਪੀਕਰ** : ਚੇਅਰ ਨੂੰ ਐਡਰੈੱਸ ਕੀਤਾ ਜਾਵੇ।

**1310/Beant kaur/ Harjinder singh**

**1315/Karamjit kaur**

**ਮੰਤਰੀ** : ਕੋਈ ਗੱਲ ਨਹੀਂ ਬਾਬੇ ਨਾਨਕ ਨੇ ਜਦੋਂ ਮਿਹਰ ਕੀਤੀ ਤਾਂ ਪੰਜਾਬ ਵਿੱਚ ਸਾਰਾ ਕੁਝ ਵਧੀਆ ਹੋ ਜਾਣਾ। ਤੁਹਾਡੇ ਕੋਲ ਹੋਰ ਕੋਈ ਮੁੱਦਾ ਹੈ ਹੀ ਨਹੀਂ। ਤੁਹਾਡੇ ਕੋਲ ਮੁੱਦਾ ਹੀ ਇੱਕ ਹੈ। ਇਨ੍ਹਾਂ ਨੂੰ ਔਰਤਾਂ ਦੀ ਇੱਜ਼ਤ ਕਰਨੀ ਹੀ ਨਹੀਂ ਆਉਂਦੀ।

**ਮਾਣਯੋਗ ਸਪੀਕਰ:** ਬੀਬਾ ਜੀ, ਚੇਅਰ ਨੂੰ ਐਡਰੈਸ ਕੀਤਾ ਜਾਵੇ ਅਤੇ ਸਵਾਲ ਦਾ ਜਵਾਬ ਦਿੱਤਾ ਜਾਵੇ।

**ਮੰਤਰੀ:** ਦੇਖੋ, ਤੁਹਾਡੀ ਸੋਚ ਇੰਨੀ ਕੁ ਹੀ ਹੈ ਕਿ ਤੁਸੀਂ ਅਜਿਹੀਆਂ ਗੱਲਾਂ ਬੋਲ ਰਹੇ ਹੋ। ਤੁਹਾਡੇ ਸਭ ਦੇ ਘਰਾਂ ਵਿੱਚ ਧੀਆਂ-ਭੈਣਾਂ ਹਨ। ਇਹੀ ਗੱਲ ਹੈ। ਤੁਹਾਨੂੰ ਇੱਕ ਔਰਤ ਦੀ ਇੱਜ਼ਤ ਬਾਰੇ ਇੰਨੀ ਕੁ ਹੀ ਤਹਿਜ਼ੀਬ ਸਿਖਾਈ ਹੈ। ਗੁਰੂ ਸਾਹਿਬ ਨੇ ਕਿਹਾ ਹੈ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।

ਤੁਸੀਂ ਲੋਕ ਇਸ ਤਰੀਕੇ ਦਾ ਬਿਹੇਵ ਕਰ ਰਹੇ ਹੋ.... (ਵਿਘਨ)(ਸ਼ੋਰ) ਮੈਂ ਸਵਾਲ ਦਾ ਜਵਾਬ ਦਿੰਦੀ ਹਾਂ ਪਰ ਤੁਹਾਡੇ ਦੁਆਰਾ ਸਪੀਕਰ ਸਾਹਿਬ ਨੂੰ ** ਕਹਿ ਕੇ ਬੁਲਾਉਣਾ ਬਹੁਤ ਹੀ ਨਿੰਦਣਯੋਗ ਹੈ। (ਵਿਘਨ) ਵੀਰ ਜੀ, ਇਸ ਤਰ੍ਹਾਂ ਚੰਗਾ ਨਹੀਂ ਲਗਦਾ। ਤੁਸੀਂ ਵੱਡੇ ਹੋ, ਸਿਆਣੇ ਹੋ। ਪਲੀਜ ਬਹਿ ਕੇ ਗੱਲ ਸੁਣਿਆ ਕਰੋ। ਜੇ ਕੋਈ ਤੁਹਾਡਾ ਸਵਾਲ ਹੈ ਤਾਂ ਬਹਿ ਕੇ ਮਾਣ ਇਜ਼ਤ ਨਾਲ ਪੁੱਛਿਆ ਕਰੋ, ਤੁਹਾਨੂੰ ਜਵਾਬ ਮਿਲ ਜਾਣਗੇ। ਫਿਰ ਇੰਨਾ ਜ਼ਿਆਦਾ ਹੰਗਾਮਾ ਕਿਸ ਗੱਲ ਤੋਂ ਕਰ ਰਹੇ ਹੋ?

**ਮਾਣਯੋਗ ਸਪੀਕਰ:** ਬੀਬਾ ਜੀ, ਤੁਸੀਂ ਸਵਾਲ ਉਤੇ ਆਉ।

**ਮੰਤਰੀ:** ਸਪੀਕਰ ਸਾਹਿਬ, ਮੈਂ ਮੁਆਫੀ ਚਾਹਾਂਗੀ। ਬਠਿੰਡਾ ਵਿਖੇ ਝੀਲਾਂ ਉਤੇ ਹਾਲੇ ਫਿਲਹਾਲ ਵਿਭਾਗ ਦੇ ਵਿੱਚ ਕੋਈ ਵੀ ਤਜਵੀਜ਼ ਨਹੀਂ ਹੈ ਪਰ ਆਉਣ ਵਾਲੇ ਸਮੇਂ ਵਿੱਚ ਤੁਹਾਡੀ ਇਸ ਮੰਗ ਉਤੇ ਅਸੀਂ ਜ਼ਰੂਰ ਵਿਚਾਰ ਕਰਾਂਗੇ ਜੀ। ਬਹੁਤ-ਬਹੁਤ ਧੰਨਵਾਦ।

**ਸਰਦਾਰ ਜਗਰੂਪ ਸਿੰਘ ਗਿੱਲ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਣਯੋਗ ਮੰਤਰੀ ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰਾ ਕੁਐਸ਼ਚਨ ਸੀ ਕਿ ਕੀ ਸੈਰ ਸਪਾਟਾ ਅਤੇ ਸਭਿਆਚਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਠਿੰਡਾ ਥਰਮਲ ਪਲਾਂਟ ਅਤੇ ਝੀਲਾਂ ਨੂੰ ਟੂਰਿਜ਼ਮ ਹੱਬ ਵਜੋਂ ਵਿਕਸਤ ਕਰਨ ਦਾ ਵਿਚਾਰ ਰੱਖਦੀ ਹੈ? ਜੇ ਹਾਂ ਤਾਂ ਕਦੋਂ ਤੱਕ? ਪਰ ਜਵਾਬ ਇਹ ਹੈ ਕਿ ਨਹੀਂ ਜੀ, ਬਠਿੰਡਾ ਪਲਾਂਟ ਅਤੇ ਝੀਲਾਂ ਨੂੰ ਟੂਰਿਜ਼ਮ ਹੱਬ ਵਜੋਂ ਵਿਕਸਤ ਕਰਨ ਦੀ ਹਾਲ ਦੀ ਘੜੀ ਕੋਈ ਤਜਵੀਜ਼ ਨਹੀਂ।

ਸਪੀਕਰ ਸਾਹਿਬ, ਮੇਰਾ ਸਵਾਲ ਸੀ ਕਿ ਬਠਿੰਡਾ ਪੰਜਾਬ ਦਾ ਸਭ ਤੋਂ ਇੰਪਾਰਟੈਂਟ ਜ਼ਿਲ੍ਹਾ ਹੈ ਜਿੱਥੇ ਇਸ ਸ਼ਹਿਰ ਦੇ ਨੇੜੇ ਤੇੜੇ ਬਹੁਤ ਹੀ ਇਤਿਹਾਸਕ ਥਾਵਾਂ ਹਨ, ਇਸ ਤੋਂ ਥੋੜ੍ਹੀ ਦੂਰ ਲੱਖੀ ਜੰਗਲ ਦੋ ਗੁਰੂ ਸਾਹਿਬਾਨਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਪੰਜਵਾਂ ਤਖਤ ਸ੍ਰੀ ਦਮਦਮਾ ਸਾਹਿਬ ਇਸ ਤੋਂ 30 ਕਿਲੋਮੀਟਰ ਦੂਰੀ ਤੇ ਹੈ। ਹਿੰਦੂ ਧਰਮ ਦੀ ਆਸਥਾ ਦਾ ਬਹੁਤ ਵੱਡਾ ਅਸਥਾਨ ਮੰਦਰ ਮਾਈਸਰਖਾਨਾ ਵਿਖੇ ਇਸ ਤੋਂ ਸਿਰਫ 14-15 ਕਿਲੋਮੀਟਰ ਦੂਰ ਹੈ। ਦਰਗਾਹ ਬਾਬਾ ਹਾਜੀ ਰਤਨ ਬਠਿੰਡੇ ਵਿਖੇ ਸਥਿਤ ਹੈ। ਕਿਲਾ ਮੁਬਾਰਕ ਗੁਰਦੁਆਰਾ ਦਸਵੇਂ ਪਾਤਸ਼ਾਹ ਜੀ ਦੀ ਚਰਨ ਛੋਹ ਪ੍ਰਾਪਤ ਵੀ ਬਠਿੰਡੇ ਦੇ ਵਿੱਚ ਹੈ। ਇਹ ਬੜਾ ਪੁਰਾਣਾ ਰਾਜਪੂਤ ਭੱਟੀਆਂ ਵੇਲੇ ਦਾ ਕਿਲਾ ਹੈ ਜਿਹੜਾ ਕਿ ਹਿੰਦੁਸਤਾਨ ਵਿੱਚ ਬਹੁਤ ਹੀ ਇਤਿਹਾਸਕ ਕਿਲਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਥਰਮਲ ਪਲਾਂਟ ਪਹਿਲੀ ਪਾਤਸ਼ਾਹੀ ਦੇ ਨਾਮ ਦੇ ਉਤੇ ਬਣਾਇਆ ਗਿਆ ਹੈ, ਉਹ ਵੀ ਬਠਿੰਡੇ ਦੇ ਵਿੱਚ ਹੈ। ਭਾਈ ਰੂਪਾ ਦਾ ਪਰਿਵਾਰ ਵੀ ਇਸੇ ਸ਼ਹਿਰ ਵਿਚ ਹੈ।

**ਮਾਣਯੋਗ ਸਪੀਕਰ:** ਗਿੱਲ ਸਾਹਿਬ, ਤੁਸੀਂ ਸਵਾਲ ਤੇ ਆਉ।

**ਸਰਦਾਰ ਜਗਰੂਪ ਸਿੰਘ ਗਿੱਲ:** ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਹੈ ਕਿ ਬਠਿੰਡੇ ਦੇ ਕੋਲ ਇੰਨੀਆਂ ਜ਼ਿਆਦਾ ਇਤਿਹਾਸਕ ਥਾਵਾਂ ਹਨ ਅਤੇ ਸਾਡੇ ਕੋਲ ਝੀਲਾਂ ਵੀ ਹਨ, ਜਿਥੇ ਵਾਟਰ ਸਪੋਰਟਸ ਦਾ ਹੱਬ ਕਰੀਏਟ ਕੀਤਾ ਜਾ ਸਕਦਾ ਹੈ। ਜਿਸ ਨਾਲ ਬਠਿੰਡੇ ਵਿੱਚ ਟੂਰਿਜ਼ਮ ਵਧੇਗਾ, ਸਟੇਟ ਦੀ ਆਮਦਨ ਵਧੇਗੀ, ਲੋਕਾਂ ਦਾ ਇਥੇ ਆਉਣਾ ਜਾਣਾ ਵਧੇਗਾ ਅਤੇ ਕਾਰੋਬਾਰ ਵਧੇਗਾ। ਮੈਂ ਸਿਰਫ ਇਸ ਸਵਾਲ ਦਾ ਜਵਾਬ ਜਾਣਨਾ ਚਾਹੁੰਦਾ ਹਾਂ ਕਿ ਕੀ ਪੱਕੇ ਤੌਰ ਤੇ ਉਸ ਹੱਬ ਨੂੰ ਟੂਰਿਜ਼ਮ ਵਜੋਂ ਡਿਵੈਲਪ ਕੀਤਾ ਜਾਵੇਗਾ?

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮੰਤਰੀ:** ਵਿਧਾਇਕ ਸਾਹਿਬ, ਵਿਰੋਧੀਆਂ ਦੇ ਸ਼ੋਰ ਕਰਕੇ ਮੈਨੂੰ ਤੁਹਾਡੀ ਗੱਲ ਥੋੜ੍ਹੀ ਕਲੀਅਰ ਨਹੀਂ ਸੁਣੀ। ਪਰ ਬਠਿੰਡਾ ਸ਼ਹਿਰ ਮਾਲਵੇ ਦਾ ਬੜਾ ਮਹੱਤਵਪੂਰਨ ਸ਼ਹਿਰ ਹੈ ਅਤੇ ਅਸੀਂ ਉਥੇ ਕਾਫ਼ੀ ਸਾਰੀਆਂ ਚੀਜ਼ਾਂ ਪਲੈਨ ਕਰ ਰਹੇ ਹਾਂ, ਉਲੀਕ ਰਹੇ ਹਾਂ। ਸਾਡੇ ਸਪੋਰਟਸ ਮੰਤਰੀ ਸਾਹਿਬ ਨੇ ਹੁਣੇ ਹੀ ਦੱਸਿਆ ਹੈ ਕਿ ਉਥੇ ਰੋਇੰਗ ਨਰਸਰੀ ਸਪੋਰਟਸ ਵਿਭਾਗ ਵਲੋਂ ਬਣਾਈ ਜਾਵੇਗੀ ਅਤੇ ਉਥੋਂ ਦੀ ਪੁਰਾਣੀ ਵਿਰਾਸਤ ਅਤੇ ਝੀਲਾਂ ਦੇ ਮੱਦੇਨਜ਼ਰ ਅਸੀਂ ਉਥੇ ਵਾਟਰ ਸਪੋਰਟਸ, ਜਿਵੇਂ ਕਿ ਟੂਰਿਜ਼ਮ ਲਈ ਵੱਖ ਵੱਖ ਵਾਟਰ ਸਪੋਰਟਸ ਦੇਖੇ ਹਨ, ਅਸੀਂ ਬਠਿੰਡੇ ਨੂੰ ਵੀ ਇਸ ਤਹਿਤ ਕੰਸਿਡਰ ਕਰਨ ਦੀ ਕੋਸ਼ਿਸ਼ ਕਰਾਂਗੇ ਅਤੇ ਇਸ ਸਬੰਧੀ ਜਾਂਚ ਪੜਤਾਲ ਕਰਵਾਉਂਦੇ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਗਿੱਲ ਸਾਹਿਬ, ਜਵਾਬ ਆ ਗਿਆ ਹੈ। ਥੈਂਕ ਯੂ, ਬੀਬਾ ਜੀ। ਸਰਦਾਰ ਕੁਲਵੰਤ ਸਿੰਘ ਬਾਜੀਗਰ ਜੀ।

--------------------

**1315/Karamjit kaur/ Harjinder singh**

**1320/harpreet singh**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈਲ ਆਫ ਦਿ ਹਾਊਸ ਵਿਚ ਖੜ੍ਹੇ ਮੈਂਬਰ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਹਲਕਾ ਸੁਤਰਾਣਾ ਅਧੀਨ ਆਉਂਦੇ ਪਿੰਡਾਂ ਵਿਚ ਨਵੀਂ ਅਨਾਜ ਮੰਡੀ ਖੋਲ੍ਹਣਾ**

***517. ਸਰਦਾਰ ਕੁਲਵੰਤ ਸਿੰਘ ਬਾਜ਼ੀਗਰ:** ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਹਲਕਾ ਸੁਤਰਾਣਾ ਅਧੀਨ ਆਉਂਦੇ ਪਾਤੜਾਂ ਜਾਂ ਆਲੇ ਦੁਆਲੇ ਦੇ ਪਿੰਡਾਂ ਵਿਚ ਨਵੀਂ ਅਨਾਜ ਮੰਡੀ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਰ ਹੈ ਤਾਂ ਕਦੋਂ ਤੱਕ?

**ਸਰਦਾਰ ਗੁਰਮੀਤ ਸਿੰਘ ਖੁੱਡੀਆ:** ਸਪੀਕਰ ਸਾਹਿਬ, ਹਾਂ ਜੀ। ਹਲਕਾ ਸੁਤਰਾਣਾ ਦੇ ਅਧੀਨ ਆਉਂਦੇ ਪਾਤੜਾਂ ਜਾਂ ਆਲੇ ਦੁਆਲੇ ਦੇ ਪਿੰਡਾਂ ਵਿਚ ਨਵੀਂ ਅਨਾਜ ਮੰਡੀ ਖੋਲ੍ਹਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਨਵੀਂ ਅਨਾਜ ਮੰਡੀ ਲਈ ਢੁਕਵੀਂ ਜਗ੍ਹਾ ਦਾ ਪ੍ਰਬੰਧ ਕਰਨ ਲਈ ਡਿਪਟੀ ਕਮਿਸ਼ਨਰ, ਪਟਿਆਲਾ ਨੂੰ ਕਿਹਾ ਗਿਆ ਹੈ ਅਤੇ ਜਲਦੀ ਹੀ ਪੂਰੀ ਕਰ ਦਿੱਤੀ ਜਾਵੇਗੀ।

**ਸਰਦਾਰ ਕੁਲਵੰਤ ਸਿੰਘ ਬਾਜ਼ੀਗਰ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਅਸੀਂ ਡਿਪਟੀ ਕਮਿਸ਼ਨਰ ਦੀ ਡਿਊਟੀ ਲਗਾ

ਦਿੱਤੀ ਹੈ ਪਰ ਜਿਹੜੀ ਜਗ੍ਹਾ ਹੈ, ਉਹ ਪੰਚਾਇਤੀ ਜਗ੍ਹਾ ਦੇਖ ਕੇ ਅਨਾਜ ਮੰਡੀ ਬਣਾਈ ਜਾਵੇ। ਉੱਥੇ ਪੰਚਾਇਤੀ ਜ਼ਮੀਨ ਇਕੋ ਜਗ੍ਹਾ ਤੇ ਨਹੀਂ ਮਿਲ ਪਾ ਰਹੀ। ਸੋ, ਮੇਰੀ ਬੇਨਤੀ ਹੈ ਕਿ ਜਿਹੜੀ ਪੁਰਾਣੀ ਅਨਾਜ ਮੰਡੀ ਹੈ, ਉਸੇ ਨੂੰ ਸੇਲ ਕਰਕੇ ਨਵੀਂ ਅਨਾਜ ਮੰਡੀ ਦਾ ਕੰਮ ਟਾਈਮ ਬਾਉਂਡ ਕੀਤਾ ਜਾਵੇ ਕਿਉਂਕਿ ਇਸ ਵਾਰ ਸਾਨੂੰ ਬਹੁਤ ਵੱਡੀ ਸਮੱਸਿਆ ਆਈ ਹੈ ਕਿਉਂਕਿ ਸਾਡੇ ਸ਼ੈਲਰਾਂ ਦੇ ਯਾਰਡ ਬੰਦ ਕਰ ਦਿੱਤੇ ਗਏ ਅਤੇ ਉੱਥੇ ਜਿਹੜੇ ਹੋਰ ਯਾਰਡ ਬਣਨੇ ਸੀ, ਉਹ ਵੀ ਬੰਦ ਕਰ ਦਿੱਤੇ ਗਏ।

**ਮਾਣਯੋਗ ਸਪੀਕਰ:** ਤੁਸੀਂ ਸਵਾਲ ਕਰੋ।

**ਸਰਦਾਰ ਕੁਲਵੰਤ ਸਿੰਘ ਬਾਜ਼ੀਗਰ:** ਸਪੀਕਰ ਸਾਹਿਬ, ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ।

**ਮੰਤਰੀ:** ਸਪੀਕਰ ਸਾਹਿਬ, ਜਿਹੜੀ ਤਜਵੀਜ਼ ਦੀ ਗੱਲ ਕੀਤੀ ਹੈ, ਉਹ ਵਿਚਾਰ ਅਧੀਨ ਹੈ। ਪੰਜ ਏਕੜ ਜ਼ਮੀਨ ਦਾ ਵੱਖਰਾ ਟੁਕੜਾ ਹੈ, ਉਸ ਦਾ ਕਲੋਨਾਈਜੇਸ਼ਨ ਵੱਲੋਂ ਡੀ.ਆਰ.ਓ. ਨੂੰ ਕਿਹਾ ਗਿਆ ਹੈ ਕਿ ਇਸ ਦਾ ਰੇਟ ਲਗਵਾ ਕੇ, ਇਸ ਨੂੰ ਵੇਚ ਕੇ ਦੂਸਰੇ ਪਾਸੇ ਜ਼ਮੀਨ ਖਰੀਦ ਕੇ ਵੱਡੀ ਮੰਡੀ ਦੀ ਲੋੜ ਪੂਰੀ ਕੀਤੀ ਜਾਵੇਗੀ ਕਿਉਂਕਿ ਪੁਰਾਣੀ ਮੰਡੀ 1967 ਵਿਚ ਬਣੀ ਸੀ ਅਤੇ ਹੁਣ ਤਾਂ ਦੋਹਾਂ ਫਸਲਾਂ ਦੀ ਬਹੁਤ ਵੱਡੀ ਆਮਦ ਹੋ ਗਈ ਹੈ। ਪੌਣੇ ਦੋ ਲੱਖ ਦੇ ਕਰੀਬ ਝੋਨੇ ਦੀ ਫਸਲ ਅਤੇ 70 ਲੱਖ ਮੀਟਰਿਕ ਟਨ ਕਣਕ ਦੀ ਫਸਲ ਆਉਂਦੀ ਹੈ ਅਤੇ ਨਵੀਂ ਵੱਡੀ ਅਨਾਜ ਮੰਡੀ ਬਣਾਉਣ ਬਾਰੇ ਮੰਡੀ ਬੋਰਡ ਸੋਚ ਰਿਹਾ ਹੈ ਅਤੇ ਇਸ ਨੂੰ ਪੂਰਾ ਕਰਾਂਗੇ।

**ਸਰਦਾਰ ਕੁਲਵੰਤ ਸਿੰਘ ਬਾਜ਼ੀਗਰ:** ਸਪੀਕਰ ਸਾਹਿਬ, ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ।

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਇਸ ਨੂੰ ਟਾਈਮ ਬਾਊਂਡ ਕਰੋਗੇ?

**ਮੰਤਰੀ:** ਸਪੀਕਰ ਸਾਹਿਬ, ਵੈਸੇ ਬਹੁਤ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ ਪਰ ਐਨੇ ਵੱਡੇ ਪ੍ਰਾਜੈਕਟ ਵਿਚ 4-6 ਮਹੀਨੇ ਤਾਂ ਲੱਗ ਹੀ ਜਾਂਦੇ ਹਨ।ਸੋ, ਅਸੀਂ ਜਲਦੀ ਪੂਰਾ ਕਰ ਦਿਆਂਗੇ।

**ਸ਼੍ਰੀ ਅਮੋਲਕ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਬਰਗਾੜੀ ਵਿਚ ਅਨਾਜ ਮੰਡੀ ਦੀ ਪਰਪੋਜ਼ਲ ਪਿਛਲੇ ਡੇਢ ਦੋ ਸਾਲ ਵਿਚ ਦੋ ਤਿੰਨ ਵਾਰੀ ਭੇਜੀ ਗਈ ਹੈ। ਸੋ, ਉਸ ਵਾਸਤੇ ਸਰਕਾਰ ਜਗ੍ਹਾ ਖਰੀਦਣ ਲਈ ਵੀ ਤਿਆਰ ਹੈ ਪਰ ਕਿਸੇ ਨਾ ਕਿਸੇ ਕਾਰਨ ਕਰਕੇ ਉਹ ਕੰਮ ਰੁਕ ਜਾਂਦਾ ਹੈ। ਸੋ, ਮੇਰੀ ਬੇਨਤੀ ਹੈ ਕਿ ਬਰਗਾੜੀ ਵਿਖੇ ਅਨਾਜ ਮੰਡੀ ਦੀ ਸਾਨੂੰ ਬਹੁਤ ਲੋੜ ਹੈ ਕਿਉਂਕਿ ਇਹ ਬਹੁਤ ਵੱਡਾ ਪਿੰਡ ਹੈ ਅਤੇ ਆਸੇ ਪਾਸੇ ਦੇ ਪਿੰਡਾਂ ਦਾ ਮਾਲ ਵੀ ਉੱਥੇ ਆਉਂਦਾ ਹੈ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ।

----

**ਖੁਦਾਈ ਲਈ ਜਗ੍ਹਾ ਦਾ ਲਾਇਸੈਂਸ ਪ੍ਰਾਪਤ ਕਰਨ ਲਈ ਰਜਿਸਟਰਡ ਅਰਜ਼ੀਆਂ ਦੇ ਵੇਰਵੇ**

***656. ਸ੍ਰੀ ਸੰਦੀਪ ਜਾਖੜ:** ਕੀ ਮਾਈਨਜ਼ ਅਤੇ ਜਿਓਲੋਜੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ - ੳ) ਖੁਦਾਈ ਲਈ ਜਗ੍ਹਾ ਦਾ ਲਾਇਸੈਂਸ ਪ੍ਰਾਪਤ ਕਰਨ ਲਈ ਇਸ ਸਾਲ ਕਿੰਨੀਆਂ ਅਰਜ਼ੀਆਂ ਰਜਿਸਟਰਡ ਕੀਤੀਆਂ ਗਈਆਂ ਹਨ;

ਅ) ਇਨ੍ਹਾਂ ਥਾਵਾਂ ਲਈ ਮੰਨਜ਼ੂਰੀ ਦੇਣ ਲਈ ਕੀ ਮਾਪ-ਦੰਡ ਅਪਣਾਏ ਗਏ ਸਨ?

**ਸ੍ਰੀ ਗੁਰਮੀਤ ਸਿੰਘ ਮੀਤ ਹੇਅਰ:** ਸਪੀਕਰ ਸਾਹਿਬ, ਮੈਂਬਰ ਸਾਹਿਬ ਦੇ ਸਵਾਲ ਦਾ ਜਵਾਬ ਬਾਅਦ ਵਿਚ ਦਿੰਦਾ ਹਾਂ ਪਹਿਲਾਂ ਮੈਂ ਕਾਂਗਰਸ ਪਾਰਟੀ ਦੇ ਮੈਂਬਰ ਸ੍ਰੀ ਸੁਖਵਿੰਦਰ ਕੋਟਲੀ ਜੀ ਬੈਠੇ ਹਨ। ਇਨ੍ਹਾਂ ਦਾ ਵੀ ਸਵਾਲ ਸੀ ਅਤੇ ਕਾਂਗਰਸ ਪਾਰਟੀ ਦੇ ਹੋਰ ਮੈਂਬਰਾਂ ਦੇ ਵੀ ਸਵਾਲ ਸਨ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਤੁਹਾਡੇ ਵੱਡੇ ਲੀਡਰ ਹਨ, ਜਿਵੇਂ ਰਾਜਾ ਵੜਿੰਗ ਜੀ, ਬਾਜਵਾ ਜੀ, ਉਹ ਸੈਸ਼ਨ ਦੇ ਲੀਗਲ ਜਾਂ ਇਲੀਗਲ ਹੋਣ ਦੇ ਮੁੱਦੇ ਤੇ ਰੌਲਾ ਪਾ ਰਹੇ ਹਨ ਪਰ ਉਹ ਐਨੇ ਸ਼ੈਤਾਨ ਹਨ ਕਿ ਆਪਣੇ ਸਵਾਲ ਵੀ ਲਗਾ ਗਏ ਅਤੇ ਆਪਣੇ ਮੁੱਦੇ ਵੀ ਉਠਾ ਗਏ। ਪਰ ਕੋਟਲੀ ਸਾਹਿਬ, ਇਹ ਤਾਂ ਤੁਹਾਡੀ ਪਾਰਟੀ ਦੇ ਪ੍ਰਧਾਨ ਹਨ ਅਤੇ ਲੀਡਰ ਆਫ ਦਿ ਆਪੋਜੀਸ਼ਨ ਹਨ।ਇਨ੍ਹਾਂ ਨੂੰ ਤਾਂ ਮੀਡੀਆ ਬਾਹਰ ਵੀ ਕਵਰ ਕਰਦਾ ਹੈ ਪਰ ਆਦਮਪੁਰ ਵਾਲਿਆਂ ਨੇ ਇਹ ਨਹੀਂ ਦੇਖਣਾ ਕਿ ਤੁਸੀਂ ਪਿੱਛੇ ਖੜ੍ਹ ਕੇ ਨਾਅਰੇ ਉੱਚੀ ਲਗਾਏ ਜਾਂ ਘੱਟ ਲਗਾਏ। ਤੁਸੀਂ ਜੇਕਰ ਇੱਥੇ ਆਪਣੇ ਲੋਕਾਂ ਦੇ ਸਵਾਲ ਲਗਾਉਂਗੇ ਤਾਂ ਹੀ ਹਲਕੇ ਵਿਚ ਜਾ ਸਕੋਗੇ। ਸੋ, ਮੇਰੀ ਬੇਨਤੀ ਹੈ ਕਿ ਵੱਡੇ ਲੀਡਰਾਂ ਦੇ ਪਿੱਛੇ ਲੱਗ ਕੇ ਤੁਸੀਂ ਆਪਣਾ ਸਮਾਂ ਬਰਬਾਦ ਨਾ ਕਰੋ ਅਤੇ ਲੋਕਾਂ ਦੀ ਗੱਲ ਰੱਖੋ। ਹੁਣ ਮੈਂ ਮੈਂਬਰ ਸਾਹਿਬ ਦੇ ਸਵਾਲ ਦਾ ਜਵਾਬ ਦਿੰਦਾ ਹਾਂ।

ਸ੍ਰੀਮਾਨ ਜੀ,

ੳ) ਖੁਦਾਈ ਲਈ ਜਗ੍ਹਾ ਦਾ ਲਾਇਸੈਂਸ ਪ੍ਰਾਪਤ ਕਰਨ ਲਈ ਮਿਤੀ 01.01.2023 ਤੋਂ ਹੁਣ ਤੱਕ ਕੁੱਲ 2111 ਅਰਜ਼ੀਆਂ ਰਜਿਸਟਰਡ ਕੀਤੀਆਂ ਗਈਆਂ ਹਨ

ਅ) ਵਿਭਾਗ ਵੱਲੋਂ ਖੁਦਾਈ ਲਈ ਵੱਖ ਵੱਖ ਮੰਨਜ਼ੂਰੀਆਂ ਦੇਣ ਲਈ ਹੇਠ ਦਰਸਾਏ ਮਾਪ-ਦੰਡ ਅਪਣਾਏ ਗਏ ਹਨ।

1. 2 ਏਕੜ ਅਤੇ 3 ਫੁੱਟ ਤੱਕ ਦੇ ਏਰੀਏ ਵਿਚੋਂ ਮਿੱਟੀ ਦੀ ਪੁਟਾਈ ਸਬੰਧੀ

1. ਬਿਨੈਕਾਰ ਦਾ ਅਧਾਰ ਕਾਰਡ

2. ਜ਼ਮੀਨੀ ਰਿਕਾਰਡ ਦੀ ਕਾਪੀ

3. ਜ਼ਮੀਨੀ ਰਿਕਾਰਡ ਵਿਚ ਬਿਨੈਕਾਰ ਦੀ ਮਲਕੀਅਤ

4. ਢੋਆ-ਢੁਆਈ ਲਈ ਵਾਹਨਾਂ ਦੀ ਸੰਖਿਆ, ਉਨ੍ਹਾਂ ਦੇ ਨੰਬਰ, ਰਜਿਸਟ੍ਰੇਸ਼ਨ ਦੀ ਕਾਪੀ

5. ਖੁਦਾਈ ਵਾਲੀ ਜਗ੍ਹਾ ਦਾ ਵੇਰਵਾ
6. ਸਰਪੰਚ ਨਾ ਨਾਮ
7. ਵਟਸਐਪ ਮੋਬਾਇਲ ਨੰਬਰ
8. ਸਵੈ-ਘੋਸ਼ਣਾ ਪੱਤਰ ਜੇਕਰ 1 ਤੋਂ ਵੱਧ ਜ਼ਮੀਨ ਮਾਲਕ ਹਨ ਅਤੇ ਸਾਰਿਆਂ ਦੇ ਹਸਤਾਖਰ
9. ਉਸ ਥਾਂ ਦੀ ਵਟਸਐਪ ਲੋਕੇਸ਼ਨ ਜਿੱਥੇ ਖੁਦਾਈ ਕੀਤੀ ਜਾਣੀ ਹੈ।

2. ਕੇ-1 ਪਰਮਿਟਾਂ ਦੀ ਮੰਨਜ਼ੂਰੀ ਸਬੰਧੀ

1) ਸਰਕਾਰ ਵੱਲ ਜਾਰੀ ਨੋਟੀਫਿਕੇਸ਼ਨ ਮਿਤੀ 24.11.2022 ਅਨੁਸਾਰ/ਲੇਅ-ਆਉਟ ਪ੍ਰੋਫਾਰਮਾ
2) ਡਰਾਇੰਗਾਂ (ਲੇਅ ਆਊਟ ਪਲਾਨ)
3) ਲੈਬ ਰਿਪੋਰਟ
4) ਭੋਂ-ਮਾਲਕ ਨਾਲ ਹੋਇਆ ਐਗਰੀਮੈਂਟ
5) ਜ਼ਮੀਨ ਦੀ ਮਾਲਕੀ ਦੇ ਸਬੂਤ
6) ਵਰਕ ਆਰਡਰ
7) ਪ੍ਰਾਰਥੀ ਦਾ ਨਾਮ, ਈ-ਮੇਲ, ਫੋਨ ਨੰਬਰ ਤੇ ਪਤਾ
8) ਮਾਈਨਿੰਗ ਪਲਾਨ
9) ਵਾਤਾਵਰਣ ਕਲੀਅਰੈਂਸ (ਸਾਰੇ ਸਰਕਾਰੀ ਪ੍ਰਾਜੈਕਟ ਅਤੇ ਕੁੱਝ ਪ੍ਰਾਈਵੇਟ ਪ੍ਰਾਜੈਕਟਾਂ ਲਈ ਛੋਟ)

3. ਕੇ-2 ਪਰਮਿਟਾਂ ਦੀ ਮੰਨਜ਼ੂਰੀ ਸਬੰਧੀ

1) ਸਮਰੱਥ ਅਥਾਰਟੀ ਵੱਲੋਂ ਅਪਰੂਵਡ ਡਰਾਇੰਗ
2) 5 ਰੁਪਏ ਪ੍ਰਤੀ ਵਰਗ ਫੁੱਟ ਦੇ ਹਿਸਾਬ ਨਾਲ ਪ੍ਰਾਰਥੀ ਵੱਲੋਂ ਜਮ੍ਹਾਂ ਕਰਵਾਈ ਰਾਸ਼ੀ ਦੇ ਸਬੂਤ
3) ਭੌਂ ਮਾਲਕ ਨਾਲ ਪ੍ਰਾਰਥੀ ਵੱਲੋਂ ਕੀਤਾ ਐਗਰੀਮੈਂਟ
4) ਜ਼ਮੀਨ ਦੇ ਖਸਰਾ ਨੰ: (ਜਮਾਬੰਦੀ ਦੀ ਕਾਪੀ ਦੇ ਨਾਲ)
5) ਜ਼ਮੀਨ ਦੇ ਮਾਲਕ ਅਤੇ ਸੀ.ਏ. ਹੋਲਡਰ ਵਿਚਕਾਰ ਐਗਰੀਮੈਂਟ
6) ਜ਼ਮੀਨ ਦਾ ਨਾਨ-ਇੰਨਕੰਬਰੈਂਸ ਸਰਟੀਫਿਕੇਟ

7) ਜੇਕਰ ਜ਼ਮੀਨ ਮਾਲਕ ਵੱਲੋਂ ਜ਼ਮੀਨ ਤੇ ਕਰਜ਼ਾ ਲਿਆ ਗਿਆ ਹੈ ਤਾਂ ਬੈਂਕ ਤੋਂ ਐਨ.ਓ.ਸੀ. ਦੀ ਕਾਪੀ

8) ਅਲਾਟਮੈਂਟ/ਸੇਲ ਡੀਡ ਦਾ ਸਬੂਤ

9) ਜ਼ਮੀਨ ਵਰਤੋਂ ਦੇ ਬਦਲਾਅ ਦੀ ਕਾਪੀ (ਸੀ.ਐਲ.ਯੂ.)

10) ਸਮਰੱਥ ਅਥਾਰਟੀ ਤੋਂ ਮੰਨਜ਼ੂਰਸ਼ੁਦਾ ਡਰਾਇੰਗ ਦੀ ਕਾਪੀ ਦੇ ਨਾਲ ਪ੍ਰਵਾਨਗੀ ਦੀ ਕਾਪੀ

11) ਵਾਤਾਵਰਣ ਕਲੀਅਰੈਂਸ ਦੀ ਕਾਪੀ

12) ਪਰਮਿਟ ਦੇ ਨਵੀਨੀਕਰਨ ਦੇ ਮਾਮਲੇ ਵਿਚ, ਆਖਰੀ ਪਰਮਿਟ ਦੀ ਕਾਪੀ, ਲਾਗੂ ਰਾਇਲਟੀ ਲਈ ਭੁਗਤਾਨ ਦੇ ਸਬੂਤ ਦੇ ਨਾਲ

4. ਬੀ-1 ਪਰਮਿਟਾਂ ਦੀ ਮੰਨਜ਼ੂਰੀ ਸਬੰਧੀ

1) ਬਿਨੈਕਾਰ ਦਾ ਨਾਮ

2) ਪਤਾ

3) ਬਿਨੈਕਾਰ ਦਾ ਪੇਸ਼ਾ

4) ਮਾਮੂਲੀ ਖਣਿਜ ਦੀ ਮਾਤਰਾ ਜਿਸ ਲਈ ਲਾਇਸੈਂਸ ਦੀ ਲੋੜ ਹੈ

5) ਉਸ ਜ਼ਮੀਨ ਦਾ ਵਰਣਨ ਜਿਸ ਤੋਂ ਸਧਾਰਨ ਮਿੱਟੀ ਨੂੰ ਕੱਢਿਆ ਅਤੇ ਹਟਾਇਆ ਜਾਣਾ ਹੈ

6) ਪਿੰਡ ਜਾਂ ਕਸਬੇ ਦਾ ਨਾਮ ਹਦਬਸਤ ਨੰਬਰ/ਪਲਾਟ ਨੰਬਰ

7) ਤਹਿਸੀਲ

8) ਜ਼ਿਲ੍ਹਾ

9) ਖਸਰਾ ਨੰ: ਜਮ੍ਹਾਂਬੰਦੀ ਦੀ ਕਾਪੀ

10) ਬਿਨੈਕਾਰ ਅਤੇ ਜ਼ਮੀਨ ਦੇ ਮਾਲਕ ਵਿਚਕਾਰ ਸਮਝੌਤਾ

11) ਜ਼ਮੀਨ ਦੀ ਮੌਜੂਦਾ ਸਥਿਤੀ ਜਿਸ ਤੋਂ ਸਧਾਰਨ ਮਿੱਟੀ ਕੱਢਖ ਗਈ ਹੈ।

12) ਖੇਤਰ ਦਾ ਲੇਅ ਆਊਟ ਪਲਾਨ

13) ਇੱਟਾਂ ਦੀ ਗਿਣਤੀ ਅਤੇ ਇੱਟਾਂ ਦੇ ਭੱਠੇ ਦੀ ਸ਼੍ਰੇਣੀ

14) ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਦੁਆਰਾ ਜਾਰੀ ਲਾਇਸੈਂਸ ਦੀ ਕਾਪੀ

15) ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੁਆਰਾ ਜਾਰੀ ਹਵਾ ਅਤੇ ਪਾਣੀ ਨੂੰ ਚਲਾਉਣ ਲਈ ਸਹਿਮਤੀ ਸਰਟੀਫਿਕੇਟ ਦੀ ਕਾਪੀ

16) ਬਿਨੈਕਾਰ ਦੁਆਰਾ ਅੰਡਰਟੇਕਿੰਗ

**ਸ੍ਰੀ ਸੰਦੀਪ ਜਾਖੜ**: ਸਪੀਕਰ ਸਾਹਿਬ, ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਇਹ ਸਵਾਲ ਫਰਵਰੀ ਵਿਚ ਲਗਾਇਆ ਸੀ, ਹੁਣ ਇਸ ਸਵਾਲ ਦੀ ਕੋਈ ਰੈਲੀਵੈਂਸੀ ਹੀ ਨਹੀਂ ਰਹਿ ਗਈ ਪਰ ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਤੁਹਾਡਾ ਮਾਈਨਿੰਗ ਤੋਂ 20 ਹਜ਼ਾਰ ਕਰੋੜ ਇਕੱਠਾ ਕਰਨ ਦਾ ਟਾਰਗੈਟ ਹੈ, ਉਹ ਕਦੋਂ ਤੱਕ ਪੂਰਾ ਕਰ ਦਿਓਗੇ?

**1320/harpreet singh/BS khokhar**

**1325/amandeep kaur**

**ਮੰਤਰੀ**: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀਆਂ ਜਿਹੜੀਆਂ ਪਬਲਿਕ ਮਾਈਨਜ਼ ਹਨ, ਉਸ ਦੀ ਗਿਣਤੀ ਪੰਜਾਬ ਦੇ ਵਿੱਚ 60 ਹੋ ਚੁੱਕੀ ਹੈ। ਉੱਥੇ ਸਾਢੇ ਪੰਜ ਰੁਪਏ ਨੂੰ ਰੇਤਾਂ ਮਿਲਦਾ ਹੈ। ਉਸ ਤੋਂ ਬਾਅਦ 40 Commercial Mines ਦੇ ਟੈਂਡਰ ਕਰਵਾਏ ਸਨ, ਜਿਸ ਦੇ ਕਰਕੇ ਪਿਛਲੇ ਸਮੇਂ ਵਿੱਚ N.G.T. ਨੇ ਬੜੀਆਂ ਰੋਕਾਂ ਲਗਾ ਦਿੱਤੀਆਂ ਸਨ। ਇਸ ਲਈ ਪਰਮਿਸ਼ਨ ਲੈਣ ਲਈ ਬੜਾ ਸਮਾਂ ਲੱਗ ਗਿਆ। Commercial Mines ਦੀ ਬੜੀ ਜਲਦੀ ਹੀ ਸ਼ੁਰੂਆਤ ਹੋ ਰਹੀ ਹੈ। ਆਉਣ ਵਾਲੇ ਸਮੇਂ ਵਿੱਚ ਸਾਡਾ ਟਾਰਗੈੱਟ ਹੈ ਕਿ 150 ਪਬਲਿਕ ਮਾਈਨਜ਼ ਅਤੇ 100 ਦੇ ਨੇੜੇ-ਤੇੜੇ commercial mines ਪੰਜਾਬ ਵਿੱਚ ਚੱਲ ਪੈਣੀ ਹੈ। ਕਿਉਂਕਿ ਕਈ ਜਗ੍ਹਾ ਤੋਂ ਸ਼ਿਕਾਇਤ ਆਉਂਦੀ ਹੈ ਕਿ ਰੇਤਾਂ ਜਾਂ gravel ਮਹਿੰਗਾ ਮਿਲਦਾ ਹੈ, ਉਹ ਇਸ ਕਰਕੇ ਮਿਲ ਰਿਹਾ ਹੈ ਕਿਉਂਕਿ ਜਿਧਥੇ ਤਾਂ ਪਬਲਿਕ ਮਾਈਨਜ਼ ਚੱਲ ਰਹੀਆਂ ਹਨ ਜਾਂਤ ਜਿੱਥੋਂ ਕੋਈ ਦਰਿਆ ਲੰਘਦਾ ਹੈ ਉਥੋਂ ਹਰ ਕੋਈ ਟਰੈਕਟਰ ਟਰਾਲੀ ਭਰ ਕੇ ਲੈ ਆਉਂਦਾ ਹੈ। ਉਹ ਸਸਤਾ ਪੈਂਦਾ ਹੈ। ਪਰ ਜਿਹੜੇ ਏਰੀਏ ਵਿੱਚ ਦਰਿਆ ਨਹੀਂ ਲੰਘਦਾ, ਉਥੇ ਟਰੈਕਟਰ ਟਰਾਲੀ ਤੇ ਲੋਕ ਰੇਤਾ ਨਹੀਂ ਲਿਆ ਸਕਦੇ। ਇਸ ਕਰਕੇ ਉੱਥੇ ਰੇਤਾ ਟਿੱਪਰਾਂ ਤੇ ਹੀ ਆ ਸਕਦਾ ਹੈ। ਟਿਪਰਾਂ ਲਈ ਕਮਰਸ਼ਿਅਲ ਮਾਈਨਜ਼ ਚਾਲੂ ਨਹੀਂ ਹੋ ਸਕੀਆਂ ਸਨ। ਪਰ ਹੁਣ ਮਾਈਨਜ਼ ਚੱਲਣ ਦੇ ਨਾਲ ਰੇਤਾ ਸਸਤਾ ਮਿਲਣਾ ਸ਼ੁਰੂ ਹੋ ਜਾਏਗਾ। ਜਿਹੜੀ ਰੈਵੈਨਿਊ ਦੀ ਗੱਲ ਹੈ, ਰੈਵੈਨਿਊ ਲੋਕਾਂ ਤੋਂ ਹੀ ਨਿਕਲਣਾ ਹੈ। ਅੱਜ ਦੀ ਘੜੀ ਮਾਈਨਿੰਗ ਡਿਪਾਰਟਮੈਂਟ ਇੱਕ ਰੁਪਿਆ ਮਾਰਜਨ ਲੈ ਰਿਹਾ ਹੈ ਯਾਨੀ ਸਾਢੇ ਪੰਜ ਰੁਪਏ, ਅਤੇ ਇਸ ਨੂੰ ਹੀ ਅਸੀਂ 10 ਰੁਪਏ ਕਰ ਦਿਆਂਗੇ, ਪਬਲਿਕ ਮਾਈਨਜ਼ ਦਾ ਤਾਂ ਉਹੀ ਰੈਵੈਨਿਊ 6 ਗੁਣਾ ਹੋ ਜਾਏਗਾ। ਸਾਡੀ ਮੇਨ priority ਅੱਜ ਦੀ ਘੜੀ ਇਹ ਹੈ ਕਿ ਪੰਜਾਬ ਦੇ ਵਿੱਚ ਲੋਕਾਂ ਨੂੰ ਸਸਤਾ ਰੇਤਾਂ ਮੁਹੱਈਆ ਕਰਵਾਇਆ ਜਾ ਸਕੇ। ਸਰ, ਇਸ ਲਈ ਅਸੀਂ ਇੱਕ ਰੁਪਿਆ ਮਾਰਜਨ ਰੱਖ ਰਹੇ ਹਾਂ। ਪਰ ਪਿਛਲੀ ਵਾਰ ਦੇ ਨਾਲੋਂ ਸਰਕਾਰ ਦੇ ਮਾਈਨਿੰਗ ਦਾ ਮੁਨਾਫਾ ਵੀ ਵੱਧ ਰਿਹਾ ਹੈ ਅਤੇ ਜਿਸ ਦਿਨ ਕਮਰਸ਼ਿਅਲ ਮਾਈਨਜ਼ ਪੂਰੀਆਂ ਚੱਲ ਪਈਆਂ ਉਸ ਦਿਨ ਪੰਜਾਬ ਦਾ ਜਿਹੜਾ ਰੈਵੈਨਿਊ ਹੈ, ਉਹ ਵੀ ਇਨਕਰੀਜ਼ ਹੋਵੇਗਾ। ਜਿਥੇ ਦਰਿਆ ਨਹੀਂ ਵੀ ਲੰਘਦਾ ਉਥੇ ਵੀ ਰੇਤਾਂ ਸਸਤਾ ਪਹੁੰਚਣਾ ਸ਼ੁਰੂ ਹੋ ਜਾਵੇਗਾ।

*1.26 ਵਜੇ ਬਾਅਦ ਦੁਪਹਿਰ) (* ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਸ਼੍ਰੀ ਸੰਦੀਪ ਜਾਖੜ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੀਤ ਜੀ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਰੇਤੇ ਦਾ ਸਾਢੇ ਪੰਜ ਰੁਪਏ ਪ੍ਰਤੀ ਕਿਊਬਿਕ ਫੁੱਟ ਦਾ ਰੇਟ ਰੱਖਿਆ ਹੋਇਆ ਹੈ ਲੇਕਿਨ ਮਾਰਕੀਟ ਵਿੱਚ 38-40 ਰੁਪਏ ਵਿੱਚ ਰੇਤੇ ਦੀ ਅਵੇਲੇਬਿਲਟੀ ਹੈ। ਮੰਤਰੀ ਸਾਹਿਬ, ਇੱਕ ਮੇਰੀ ਤੁਹਾਨੂੰ ਗੁਜ਼ਾਰਿਸ਼ ਹੈ ਕਿ ਸਾਡੇ ਫਾਜ਼ਿਲਕਾ ਜ਼ਿਲ੍ਹੇ ਦੇ ਵਿੱਚ ਕਿਸਾਨਾਂ ਦੀ ਆੜ ਦੇ ਵਿੱਚ ਬਹੁਤ ਕੁਝ ਅਜਿਹਾ ਚੱਲ ਰਿਹਾ ਹੈ which is illegal. ਮਾਫੀਆ ਬਹੁਤ ਹਾਵੀ ਹੋ ਚੁੱਕਿਆ ਹੈ। ਇਸ

ਦੀ ਤੁਸੀਂ ਪਲੀਜ਼ ਜਾਣਕਾਰੀ ਲਿਓ। ਆਪਣੇ ਮਹਿਕਮੇ ਤੋਂ ਇਸ ਸਬੰਧੀ ਤੁਸੀਂ ਆਪ ਇਨਫਰਮੇਸ਼ਨ ਲਿਉ ਕਿ ਕੀ ਕੁਝ ਚੱਲ ਰਿਹਾ ਹੈ। ਧੰਨਵਾਦ ਜੀ।

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਪਹਿਲਾਂ ਵੀ ਦੱਸਿਆ ਹੈ ਕਿ ਕਿਉਂ ਜੋ ਕਮਰਸ਼ੀਅਲ ਮਾਈਨਜ਼ ਚੱਲੀਆਂ ਨਹੀਂ ਸਨ ਜਿਸ ਕਰਕੇ ਜਿਹੜੇ ਕੁਝ ਏਰੀਏ ਹਨ ਜਿਵੇਂ ਕਿ ਮਾਨਸਾ, ਬਰਨਾਲਾ, ਸੰਗਰੂਰ ਜਾਂ ਜਿਹੜਾ ਜਾਖੜ ਸਾਹਿਬ ਦਾ ਏਰੀਆ ਹੈ, ਕਿਉਂਕਿ ਉੱਥੇ ਪਬਲਿਕ ਮਾਈਨਜ਼ ਕੋਈ ਨਹੀਂ ਚੱਲ ਰਹੀਆਂ ਹਨ। ਕਮਰਸ਼ੀਅਲ ਮਾਈਨਜ਼ ਹਾਲੇ ਚੱਲੀਆਂ ਨਹੀਂ ਸਨ ਜਿਸ ਦੇ ਕਰਕੇ ਰੇਤਾ ਮਹਿੰਗਾ ਮਿਲ ਰਿਹਾ ਹੈ, ਇਹ ਮੈਂ ਮੰਨਦਾ ਹਾਂ। ਪਰ ਕਮਰਸ਼ੀਅਲ ਮਾਈਨਜ਼ ਸਾਡੀਆਂ ਚੱਲਣੀਆਂ ਸ਼ੁਰੂ ਹੋ ਗਈਆਂ ਹਨ, ਉਸ ਦੇ ਨਾਲ ਸਸਤਾ ਰੇਤਾ ਪਹੁੰਚਣਾ ਸ਼ੁਰੂ ਹੋਵੇਗਾ। ਬਾਕੀ ਜਾਖੜ ਸਾਹਿਬ ਨੂੰ ਮੈਂ ਇੱਕ ਹੋਰ ਗੱਲ ਦੱਸਣਾ ਚਾਹੁੰਦਾ ਹਾਂ ਕਿ ਇੱਥੇ ਐਲ.ਐਮ.ਏ. ਸਾਹਿਬ ਬੈਠੇ ਹਨ, ਜਿਨ੍ਹਾਂ ਦੇ ਏਰੀਏ ਵਿੱਚ ਪਬਲਿਕ ਮਾਈਨਜ਼ ਚੱਲਦੀਆਂ ਹਨ, ਉੱਥੇ ਜਿਹੜਾ ਰੁਜ਼ਗਾਰ ਲੋਕਾਂ ਨੂੰ ਮਿਲਣਾ ਸ਼ੁਰੂ ਹੋਇਆ, ਇੱਕ-ਇੱਕ ਪਿੰਡ ਵਿੱਚ ਰੋਜ਼ ਦਾ ਡੇਢ-ਦੋ ਲੱਖ ਰੁਪਿਆ ਇਕੱਲੀ ਲੇਬਰ ਕਮਾ ਰਹੀ ਹੈ। 50-60 ਲੱਖ ਰੁਪਿਆ ਮਹੀਨੇ ਦਾ ਲੇਬਰ ਦੀ ਕਮਾਈ ਹੋ ਰਹੀ ਹੈ, ਜਿਹੜੀ ਲੇਬਰ ਟਰੈਕਟਰ ਟਰਾਲੀ ਭਰਨ ਦਾ ਕੰਮ ਕਰਦੀ ਹੈ। ਲੋਕਾਂ ਦਾ ਪੈਸਾ ਆਉਣਾ ਸ਼ੁਰੂ ਹੋਇਆ ਜਿਹੜਾ ਪਿਛਲੇ ਸਮੇਂ ਵਿੱਚ ਕੁਝ ਲੋਕਾਂ ਤੱਕ ਹੀ ਸੀਮਤ ਰਹਿ ਜਾਂਦਾ ਸੀ। ਸੋ, ਮੈਂ ਦੁਬਾਰਾ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਕਮਰਸ਼ੀਅਲ ਮਾਈਨਜ਼ ਚੱਲਣੀਆਂ ਸ਼ੁਰੂ ਹੋ ਗਈਆਂ ਤਾਂ ਰੇਤੇ ਦੇ ਰੇਟ ਨੀਚੇ ਜ਼ਰੂਰ ਆਉਣਗੇ। ਬਾਕੀ ਜਿਹੜਾ ਤੁਸੀਂ ਇਲੀਗਲ ਮਾਈਨਿੰਗ ਦੀ ਗੱਲ ਕਰ ਰਹੇ ਹੋ, ਉਹ ਲਈ ਪਿੱਛੇ ਜਿਹੇ ਕੁਝ ਜਗ੍ਹਾ ਅਸੀਂ ਪਰਮਿਸ਼ਨ ਦਿੱਤੀ ਸੀ ਜਿਵੇਂ ਹੁਣ ਹੜ੍ਹ ਆਉਣ ਦੇ ਕਰਕੇ ਬਹੁਤ ਪਿੰਡਾਂ ਦੇ ਵਿੱਚ ਪਾਣੀ ਜ਼ਮੀਨਾਂ ਦੇ ਵਿੱਚ ਤਿੰਨ-ਤਿੰਨ ਫੁੱਟ ਵੱਧ ਗਿਆ। ਐਮ.ਐਲ.ਏ ਫਾਜ਼ਿਲਕਾ ਬੈਠੇ ਹਨ, ਉੱਥੇ ਚਾਰ-ਚਾਰ ਫੁੱਟ ਵੀ ਰੇਤਾ ਲੋਕਾਂ ਦੀਆਂ ਜ਼ਮੀਨਾਂ ਵਿੱਚ ਆ ਗਿਆ। ਕਿਉਂਕਿ ਲੱਖਾਂ ਰੁਪਏ ਦਾ ਨੁਕਸਾਨ ਜ਼ਿੰਮੀਂਦਾਰ ਦਾ ਹੋਇਆ ਸੀ, ਇਸ ਲਈ ਅਸੀਂ 15 ਦਿਨ ਦੀ ਪਰਮਿਸ਼ਨ ਦਿੱਤੀ ਸੀ ਕਿ ਉਹ ਆਪਣੀ ਜ਼ਮੀਨ ਤੋਂ ਰੇਤਾ ਚੁੱਕਵਾ ਸਕਦੇ ਹਨ।

**1325/amandeep kaur/BS khokhar**

ਬਹੁਤ ਥਾਂ ਤੋਂ ਇਹ ਰੇਤਾ ਚੁਕਵਾਇਆ ਜਾ ਰਿਹਾ ਹੈ। ਪਰ ਹੁਣ ਆਉਣ ਵਾਲੇ ਸਮੇਂ ਵਿੱਚ ਪੂਰਾ ਚੈੱਕ ਕਰਕੇ, ਕਿਉਂਕਿ ਇਸ ਦੀ ਆੜ ਹੇਠ ਕਿਤੇ ਕੋਈ ਇਲੀਗਲ ਮਾਈਨਿੰਗ ਨਾ ਕਰੇ ਤਾਂ ਇਸ ਤੇ ਵੀ ਅਸੀਂ ਚੈੱਕ ਰੱਖਾਂਗੇ। ਜੇਕਰ ਹੜ੍ਹਾਂ ਵਾਲਾ ਰੇਤਾ ਕਿਤੋਂ ਚੁੱਕਣਾ ਰਹਿ ਗਿਆ ਹੈ ਤਾਂ ਉਸ ਨੂੰ ਵੈਰੀਫਾਈ ਕਰਕੇ, ਏਰੀਆ ਮਾਰਕ ਕਰਨ ਤੋਂ ਬਾਅਦ ਹੀ ਸਬੰਧਤ ਜ਼ਿਮੀਂਦਾਰ ਨੂੰ ਪਰਮਿਸ਼ਨ ਦੇਵਾਂਗੇ ਤਾਂ ਕਿ ਇਲੀਗਲ ਮਾਈਨਿੰਗ ਨਾ ਹੋ ਸਕੇ।

**ਮਾਣਯੋਗ ਸਪੀਕਰ** : ਸ੍ਰੀ ਅਵਤਾਰ ਸਿੰਘ ਜੂਨੀਅਰ ਸਾਹਿਬ, ਤੁਹਾਡਾ ਸਵਾਲ ਲੱਗਾ ਹੈ।

(ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਚਲੇ ਗਏ।)

**ਇੱਕ ਆਵਾਜ਼** : ਹੁਣ ਇਹ ਸੈਸ਼ਨ ਲੀਗਲ ਹੋ ਜਾਣਾ ਹੈ। (ਵਿਘਨ) (ਸ਼ੋਰ)

**ਮਾਣਯੋਗ ਡਿਪਟੀ ਸਪੀਕਰ** : ਜੂਨੀਅਰ ਜੀ, ਪ੍ਰਸ਼ਨ ਨੰਬਰ ਬੋਲੋ। (ਸ਼ੋਰ) ਸ੍ਰੀ ਅਵਤਾਰ ਸਿੰਘ ਜੂਨੀਅਰ ਸਾਹਿਬ।

**ਇੱਕ ਆਵਾਜ਼** : ਸਰ, ਜ਼ੀਰੋ ਆਵਰ।

**ਮਾਣਯੋਗ ਡਿਪਟੀ ਸਪੀਕਰ** : ਨਹੀਂ ਜੀ, ਹਾਲੇ ਟਾਈਮ ਪਿਆ ਹੈ। 1:35 ਵਜੇ ਜ਼ੀਰੋ ਆਵਰ ਸ਼ੁਰੂ ਹੋਵੇਗਾ। ਸ੍ਰੀ ਅਵਤਾਰ ਸਿੰਘ ਜੂਨੀਅਰ ਸਾਹਿਬ, ਤੁਹਾਡਾ ਪ੍ਰਸ਼ਨ ਹੈ। (ਸ਼ੋਰ) ਪ੍ਰਸ਼ਨ ਨੰਬਰ ਬੋਲੋ ਜੀ। ਕੀ ਮੈਂ ਦੱਸ ਦੇਵਾਂ?

**ਸ੍ਰੀ ਅਵਤਾਰ ਸਿੰਘ ਜੂਨੀਅਰ** : ਡਿਪਟੀ ਸਪੀਕਰ ਸਾਹਿਬ, ਪਹਿਲਾਂ ਕਲੈਰੀਫਿਕੇਸ਼ਨ ਦਿਉ ਕਿ ਇਹ ਸੈਸ਼ਨ ਲੀਗਲ ਹੈ ਕਿ ਇਲੀਗਲ ਹੈ। ਅਸੀਂ ਤਾਂ ਕਹਿੰਦੇ ਹਾਂ ਕਿ ਇਹ ਇਲੀਗਲ ਹੈ, ਤੁਸੀਂ ਸਵਾਲ ਕਿਵੇਂ ਲੈ ਸਕਦੇ ਹੋ? (ਵਿਘਨ) (ਸ਼ੋਰ) ਅਸੀਂ ਤਾਂ ਇਹ ਕਹੀ ਜਾ ਰਹੇ ਹਾਂ ਕਿ ਲੀਗਲ ਸੈਸ਼ਨ ਬੁਲਾਉ। ਜਿਹੜੇ ਸਾਡੇ ਹਲਕੇ ਦੇ ਮੁੱਦੇ ਹਨ....

**ਮਾਣਯੋਗ ਡਿਪਟੀ ਸਪੀਕਰ** : ਤੁਸੀਂ ਸਵਾਲ ਬਾਰੇ ਕੁਝ ਬੋਲੋਗੇ?

**ਸ੍ਰੀ ਅਵਤਾਰ ਸਿੰਘ ਜੂਨੀਅਰ** : ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ... (ਵਿਘਨ)

**ਮਾਣਯੋਗ ਡਿਪਟੀ ਸਪੀਕਰ** : ਤੁਸੀਂ ਵੈੱਲ ਆਫ ਦਿ ਹਾਊਸ ਤੋਂ ਸੀਟ ਤੇ ਜਾ ਰਹੇ ਹੋ... (ਵਿਘਨ)

**ਸ੍ਰੀ ਅਵਤਾਰ ਸਿੰਘ ਜੂਨੀਅਰ** : ** **

**ਮਾਣਯੋਗ ਡਿਪਟੀ ਸਪੀਕਰ** : ਕੀ ਤੁਸੀਂ ਕਨਫਿਊਜ਼ ਹੋ?

**ਸ੍ਰੀ ਅਵਤਾਰ ਸਿੰਘ ਜੂਨੀਅਰ** : ** **

**ਮਾਣਯੋਗ ਡਿਪਟੀ ਸਪੀਕਰ** : ਨਹੀਂ ਮੈਂ ਕਨਫਿਊਜ਼ ਨਹੀਂ ਹਾਂ।

**ਸ੍ਰੀ ਅਵਤਾਰ ਸਿੰਘ ਜੂਨੀਅਰ :** ** **

**ਮਾਣਯੋਗ ਡਿਪਟੀ ਸਪੀਕਰ** : ਜੇ ਤੁਸੀਂ ਪ੍ਰਸ਼ਨ ਨਹੀਂ ਬੋਲੋਗੇ ਤਾਂ ਮੈਂ ਅਗਲਾ ਪ੍ਰਸ਼ਨ ਲੈ ਲੈਣਾ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਮੈਂ ਤਾਂ ਤੁਹਾਨੂੰ ਕਹੀ ਜਾ ਰਿਹਾ ਹਾਂ ਕਿ ਮੈਨੂੰ ਬੋਲਣ ਦਿਉ। (ਵਿਘਨ) (ਸ਼ੋਰ)

**ਮਾਣਯੋਗ ਡਿਪਟੀ ਸਪੀਕਰ** : ਤੁਸੀਂ ਪ੍ਰਸ਼ਨ ਪੁੱਛੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਟਰੇਜ਼ਰੀ ਬੈਂਚਿਜ਼ ਨੂੰ ਦੱਸ ਦਿਉ ਕਿ ਜਦੋਂ ਕੋਈ ਮੈਂਬਰ ਖੜ੍ਹਾ ਹੁੰਦਾ ਹੈ ਤਾਂ ਵਿੱਚ ਨਹੀਂ ਬੋਲਣਾ ਚਾਹੀਦਾ। ਪਹਿਲਾਂ ਇਹ ਦੱਸਿਉ।

**ਮਾਣਯੋਗ ਡਿਪਟੀ ਸਪੀਕਰ** : ਉਨ੍ਹਾਂ ਨੂੰ ਪਤਾ ਹੈ, ਤੁਸੀਂ ਆਪਣਾ ਸਵਾਲ ਕਰੋ। (ਵਿਘਨ) (ਸ਼ੋਰ) ਮੈਨੂੰ ਲੱਗਦਾ ਹੈ ਕਿ ਤੁਹਾਨੂੰ ਆਪਣੇ ਸਵਾਲ ਨੰਬਰ ਦਾ ਹੀ ਨਹੀਂ ਪਤਾ ਹੈ। (ਸ਼ੋਰ) ਵਿਧਾਇਕ ਸਾਹਿਬ ਮੈਨੂੰ ਲੱਗਦਾ ਹੈ ਕਿ ਤੁਹਾਨੂੰ ਆਪਣਾ ਪ੍ਰਸ਼ਨ ਨੰਬਰ ਨਹੀਂ ਪਤਾ। (ਵਿਘਨ) (ਸ਼ੋਰ)

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਜਦੋਂ ਮੇਰੇ ਸਵਾਲ ਹੀ ਨਹੀਂ ਲਏ ਗਏ, ਜਿਹੜੇ ਕਿ ਮੈਂ ਆਪਣੇ ਹਲਕੇ ਦੇ, ਆਪਣੇ ਬੰਦਿਆਂ ਦੇ ਸਵਾਲ ਰੱਖਣੇ ਹਨ....

**ਮਾਣਯੋਗ ਡਿਪਟੀ ਸਪੀਕਰ** : ਸਾਹਮਣੇ ਸਕਰੀਨ ਤੇ ਤੁਹਾਡਾ ਹੀ ਸਵਾਲ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਤੁਸੀਂ ਮੇਰੇ ਸਵਾਲ ਹੀ ਨਹੀਂ ਲਏ। ਮੇਰੇ 10-11 ਸਵਾਲ ਦਿੱਤੇ ਹੋਏ ਹਨ। ਜਿਹੜੇ ਸਵਾਲ ਹੁਣ ਲੈਣੇ ਬਣਦੇ ਸਨ, ਜੇਕਰ ਇਹ ਸੈਸ਼ਨ ਲੀਗਲ ਹੁੰਦਾ ਤਾਂ ਮੇਰੇ ਸਵਾਲ ਲੱਗਣੇ ਸਨ। ਲੋਕਾਂ ਨੇ ਜਿਹੜੇ ਮੈਨੂੰ ਇਸ ਹਾਊਸ ਵਿੱਚ ਚੁਣ ਕੇ ਭੇਜਿਆ ਹੈ, ਉਹ ਸਵਾਲ ਲੱਗਣੇ ਸਨ। ਮੈਂ ਲੋਕਾਂ ਦੇ ਜਿਹੜੇ ਸਵਾਲ ਪੁੱਛਣੇ ਸਨ, ਇਹ ਸੈਸ਼ਨ ਇਲੀਗਲ ਹੋਣ ਕਾਰਨ ਤੁਸੀਂ ਨਹੀਂ ਲਗਾ ਰਹੇ ਹੋ। (ਵਿਘਨ) (ਸ਼ੋਰ)

**ਮਾਣਯੋਗ ਡਿਪਟੀ ਸਪੀਕਰ** : ਵਿਧਾਇਕ ਸਾਹਿਬ, ਕੀ ਤੁਹਾਨੂੰ ਆਪਣਾ ਸਵਾਲ ਨੰਬਰ ਪਤਾ ਹੈ?

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਮੈਂ ਤਾਂ ਕਹਿ ਰਿਹਾ ਹਾਂ ਕਿ ਤੁਸੀਂ ਮੇਰੇ ਸਵਾਲ ਹੀ ਨਹੀਂ ਲਏ ਹਨ।

**ਮਾਣਯੋਗ ਸਪੀਕਰ** : ਜਿਹੜਾ ਤੁਹਾਡਾ ਸਵਾਲ ਲੱਗਾ ਹੈ, ਕੀ ਇਹ ਗਲਤ ਹੈ?

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਜਿਹੜੇ ਮੇਰੇ ਸਵਾਲ ਲੱਗਦੇ ਚਾਹੀਦੇ ਸਨ, ਤੁਸੀਂ ਇਸ ਇਲੀਗਲ ਸੈਸ਼ਨ ਵਿੱਚ ਮੇਰੇ ਸਵਾਲ ਕਿਵੇਂ ਲਏ ਹਨ? (ਵਿਘਨ) (ਸ਼ੋਰ)

**ਮਾਣਯੋਗ ਡਿਪਟੀ ਸਪੀਕਰ** : ਵਿਧਾਇਕ ਸਾਹਿਬ, ਮੇਰੀ ਗੱਲ ਸੁਣੋ। (ਸ਼ੋਰ) ਵਿਧਾਇਕ ਸਾਹਿਬ, ਇੱਕ ਮਿੰਟ ਸੁਣੋ। ਜਿਹੜਾ ਅੱਜ ਤੁਹਾਡਾ ਕੁਐਸਚਨ ਲੱਗਾ ਹੈ, ਕੀ ਤੁਸੀਂ ਇਹ ਕੁਐਸਚਨ ਨਹੀਂ ਲਗਾਇਆ?

(ਇਸ ਸਮੇਂ ਸ਼੍ਰੀ ਅਵਤਾਰ ਸਿੰਘ ਜੂਨੀਅਰ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦਾ ਮਾਈਕ ਬੰਦ ਹੋ ਗਿਆ ਪਰੰਤੂ ਉਹ ਬਿਨਾਂ ਮਾਈਕ ਬੋਲਦੇ ਰਹੇ। ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦਿੱਤਾ।)

**ਸ੍ਰੀ ਅਵਤਾਰ ਸਿੰਘ ਜੂਨੀਅਰ** : ਜੇਕਰ ਮਾਈਕ ਆਨ ਕਰੋਗੇ ਤਾਂ ਹੀ ਗੱਲ ਕਰ ਸਕਾਂਗਾ।

**ਮਾਣਯੋਗ ਡਿਪਟੀ ਸਪੀਕਰ** : ਕੀ ਇਹ ਸਵਾਲ ਤੁਸੀਂ ਨਹੀਂ ਲਗਾਇਆ? (ਸ਼ੋਰ)

**ਸ੍ਰੀ ਅਵਤਾਰ ਸਿੰਘ ਜੂਨੀਅਰ** : ਡਿਪਟੀ ਸਪੀਕਰ ਸਾਹਿਬ, ਮੇਰਾ ਮਾਈਕ ਆਨ ਕਰੋ। ਪਹਿਲਾਂ ਤੁਸੀਂ ਇਹ ਦੱਸੋ ਕਿ ਜਿਹੜੇ ਮੇਰੇ ਸਵਾਲ ਸਨ, ਉਨ੍ਹਾਂ ਦਾ ਤੁਸੀਂ ਕਦੋਂ ਜਵਾਬ ਦਿਵਾਉਗੇ? (ਸ਼ੋਰ) ਜੇਕਰ ਅੱਜ ਇਹ ਸੈਸ਼ਨ ਲੀਗਲ ਹੁੰਦਾ ਤਾਂ ਮੈਂ ਅੱਜ ਉਨ੍ਹਾਂ ਸਵਾਲਾਂ ਦਾ ਜਵਾਬ ਲੈਂਦਾ। (ਸ਼ੋਰ) ਜਿਹੜੇ ਲੋਕਾਂ ਨੇ ਮੈਨੂੰ ਚੁਣ ਕੇ ਭੇਜਿਆ ਹੈ....

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 687**

(ਸ੍ਰੀ ਅਵਤਾਰ ਸਿੰਘ ਜੂਨੀਅਰ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲੋਂ ਆਪਣਾ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ।)

**ਮਾਣਯੋਗ ਡਿਪਟੀ ਸਪੀਕਰ** : ਬੜੇ ਖੇਦ ਨਾਲ ਕਹਿਣਾ ਪੈ ਰਿਹਾ ਹੈ ਕਿ ਵਿਧਾਇਕ ਸਾਹਿਬ ਨੂੰ ਆਪਣਾ ਪ੍ਰਸ਼ਨ ਨੰਬਰ ਨਹੀਂ ਪਤਾ ਹੈ। ਅਗਲਾ ਪ੍ਰਸ਼ਨ ਸ੍ਰੀ ਜਗਦੀਪ ਕੰਬੋਜ ਗੋਲਡੀ ਜੀ। (ਸ਼ੋਰ)

-------

**ਗ੍ਰਾਮ ਪੰਚਾਇਤਾਂ ਦੀ ਕਾਰਵਾਈ ਆਨਲਾਈਨ ਕਰਨਾ**

*** 668. ਸ੍ਰੀ ਜਗਦੀਪ ਕੰਬੋਜ ਗੋਲਡੀ** : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਵਿੱਚ ਸਮੂਹ ਗ੍ਰਾਮ ਪੰਚਾਇਤਾਂ ਦੀ ਕਾਰਵਾਈ (Proceedings) ਆਨ ਲਾਈਨ ਕਰਨ ਦੀ ਸਰਕਾਰ ਦੀ ਕੋਈ ਯੋਜਨਾ ਹੈ; ਜੇਕਰ ਹੈ ਤਾਂ ਇਹ ਪਾਲਿਸੀ ਕਦੋਂ ਤੱਕ ਲਾਗੂ ਕਰ ਦਿੱਤੀ ਜਾਵੇਗੀ; ਵੇਰਵੇ ਸਹਿਤ ਦਸਿਆ ਜਾਵੇ?

**ਮਾਣਯੋਗ ਡਿਪਟੀ ਸਪੀਕਰ** : ਮੰਤਰੀ ਸਾਹਿਬ ਜਵਾਬ ਦਿਉ। ਲਾਲਜੀਤ ਭੁੱਲਰ ਸਾਹਿਬ, ਤੁਹਾਡਾ ਸਵਾਲ ਹੈ।

**ਸਰਦਾਰ ਲਾਲਜੀਤ ਸਿੰਘ ਭੁੱਲਰ** : ਸ੍ਰੀਮਾਨ ਜੀ, ਜੀ ਨਹੀਂ, ਹਾਲ ਦੀ ਘੜੀ ਗ੍ਰਾਮ ਪੰਚਾਇਤਾਂ ਦੀ ਕਾਰਵਾਈ ਨੂੰ ਆਨਲਾਈਨ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

**1330/Tarlochan Singh/Rajneesh kumar**

**1335/mehak**

**ਮਾਣਯੋਗ ਡਿਪਟੀ ਸਪੀਕਰ**: ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

-------

# WRITTEN ANSWERS TO THE STARRED QUESTIONS LAID ON THE TABLE OF THE HOUSE UNDER RULE 38

## ਰਾਸ਼ਨ ਕਾਰਡ ਧਾਰਕਾਂ ਦੀ ਪੜਤਾਲ ਕਰਨਾ

***380. 1.ਡਾਕਟਰ ਰਵਜੋਤ ਸਿੰਘ**

**2.ਸਰਦਾਰ ਲਾਭ ਸਿੰਘ ਉਗੋਕੇ**

**3.ਸ੍ਰੀ ਨਰੇਸ਼ ਕਟਾਰੀਆ:** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

▯ ) ਕੀ ਪੁਰਾਣੇ ਰਾਸ਼ਨ ਕਾਰਡ ਧਾਰਕਾਂ ਦੀ ਪੜਤਾਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ;

ਅ) ਕੀ ਨਵੇਂ ਰਾਸ਼ਨ ਕਾਰਡ ਲਾਭਪਾਤਰੀਆਂ ਨੂੰ ਵੀ ਸ਼ਾਮਿਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ।

**ਸ੍ਰੀ ਲਾਲ ਚੰਦ :**

▯ ) ਨਹੀਂ ਜੀ।

ਅ) ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਅਧੀਨ ਲਾਭ ਲੈਣ ਲਈ ਯੋਗ ਲਾਭਪਾਤਰੀਆਂ ਦੀ ਨਵੇਂ ਸਿਰਿਓਂ ਸ਼ਨਾਖਤ ਕਰਨ ਲਈ ਸਰਵੇ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਇਹ ਸਰਵੇ ਜਲਦੀ ਹੀ ਆਰੰਭ ਕੀਤਾ ਜਾਵੇਗਾ।

**-------**

## ਮਜੀਠਾ ਬੱਸ ਸਟੈਂਡ ਵਿੱਚ ਯਾਤਰੀਆਂਨੂੰ ਸਹੂਲਤਾਂ ਮੁਹੱਈਆ ਕਰਵਾਉਣਾ

***786. ਸ੍ਰੀਮਤੀ ਗਨੀਵ ਕੌਰ ਮਜੀਠੀਆ**: ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੱਸ ਸਟੈਂਡ, ਮਜੀਠਾ ਵਿੱਚ ਯਾਤਰੀਆਂ ਦੇ ਬੈਠਣ ਵਾਲੀਆਂ ਕੁਰਸੀਆਂ ਟੁੱਟ ਚੁੱਕੀਆਂ ਹਨ, ਪੱਖੇ ਨਹੀਂ ਹਨ, ਪਖਾਨਿਆਂ ਦੀ

ਹਾਲਤ ਬਹੁਤ ਖਸਤਾ ਹੈ, ਬੱਸ ਅੱਡੇ ਵਾਸਤੇ ਲਾਈਟਾਂ ਜਗਾਉਣ ਵਾਲਾ ਸੋਲਰ ਸਿਸਟਮ ਕੰਮ ਨਹੀਂ ਕਰ ਰਿਹਾ ਅਤੇ ਲਾਈਟਾਂ ਵੀ ਟੁੱਟ ਚੁੱਕੀਆਂ ਹਨ, ਜੇਕਰ ਅਜਿਹਾ ਹੋਵੇ ਤਾਂ ਮਜੀਠਾ ਬੱਸ ਸਟੈਂਡ ਵਿੱਚ ਯਾਤਰੀਆਂ ਨੂੰ ਉਪਰੋਕਤ ਸਹੂਲਤਾਂ ਮੁੜ ਕਦੋਂ ਤੱਕ ਮੁਹੱਈਆ ਕਰਵਾ ਦਿੱਤੀਆਂ ਜਾਣਗੀਆਂ।

**ਸਰਦਾਰ ਲਾਲਜੀਤ ਸਿੰਘ ਭੁੱਲਰ**: ਮਜੀਠਾ ਬੱਸ ਸਟੈਂਡ ਵਿੱਚ ਯਾਤਰੀਆਂ/ ਪਬਲਿਕ ਦੇ ਬੈਠਣ ਲਈ ਜੋ ਕੁਰਸੀਆਂ ਲੱਗੀਆਂ ਹੋਈਆਂ ਹਨ, ਉਹ ਠੀਕ ਹਨ। ਇਸ ਸਮੇਂ ਯਾਤਰੀਆਂ ਲਈ 10 ਛੱਤ ਵਾਲੇ ਪੱਖੇ ਲੱਗੇ ਹੋਏ ਹਨ ਅਤੇ ਚਾਲੂ ਹਾਲਤ ਵਿੱਚ ਹਨ। ਪਖਾਨਿਆਂ ਦੀ ਸਾਫ-ਸਫਾਈ ਸਮੇਂ ਸਿਰ ਕਰਵਾਈ ਜਾ ਰਹੀ ਹੈ। ਬੱਸ ਸਟੈਂਡ ਵਿਖੇ ਸੋਲਰ ਸਿਸਟਮ ਨਹੀਂ ਲੱਗਾ ਹੋਇਆ ਹੈ। ਜੋ ਸੋਲਰ ਲਾਈਟਾਂ ਲਗੀਆਂ ਹੋਈਆਂ ਸਨ ਉਹ ਕੰਡਮ ਹੋ ਚੁੱਕੀਆਂ ਸਨ, ਉਨ੍ਹਾਂ ਦੀ ਜਗ੍ਹਾ ਤੇ ਫਲੱਡ ਲਾਈਟਾਂ ਲਗਾ ਦਿੱਤੀਆਂ ਗਈਆਂ ਹਨ। ਜਦੋਂ ਵੀ ਰਿਪੇਅਰ ਦੀ ਜ਼ਰੂਰਤ ਪੈਂਦੀ ਹੈ ਤਾਂ ਇਨ੍ਹਾਂ ਨੂੰ ਠੀਕ ਕਰਵਾਉਣ ਲਈ ਯੋਗ ਉਪਰਾਲੇ ਕੀਤੇ ਜਾਂਦੇ ਹਨ। ਭਵਿੱਖ ਵਿੱਚ ਹੋਰ ਸੁਧਾਰ ਕੀਤਾ ਜਾਵੇਗਾ।

-------

## ਸਰਕਾਰੀ ਕਾਲਜ ਟਾਂਡਾ ਦੇ ਖੇਡ ਮੈਦਾਨ ਵਿੱਚ ਸਿੰਥੈਟਿਕ ਟਰੈਕ ਬਣਾਉਣ ਲਈ ਫੰਡ ਜਾਰੀ ਕਰਨਾ

***525. ਸਰਦਾਰ ਜਸਵੀਰ ਸਿੰਘ ਰਾਜਾ ਗਿੱਲ**: ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਕਾਲਜ ਟਾਂਡਾ ਦੇ ਖੇਡ ਮੈਦਾਨ ਵਿੱਚ ਸਿੰਥੈਟਿਕ ਟਰੈਕ ਬਣਾਉਣ ਸਬੰਧੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਸ ਲਈ ਕਦੋਂ ਤੱਕ ਸਰਕਾਰ ਵੱਲੋਂ ਫੰਡ ਜਾਰੀ ਕੀਤਾ ਜਾਵੇਗਾ ?

**ਸਰਦਾਰ ਹਰਜੋਤ ਸਿੰਘ ਬੈਂਸ**: ਨਹੀਂ ਜੀ। ਅਜਿਹੀ ਕੋਈ ਵੀ ਤਜਵੀਜ਼ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ।

-------

## ਲਹਿਰਾ ਮੁਹੱਬਤ ਦੇ ਥਰਮਲ ਪਲਾਂਟ ਦਾ ਕੰਮ ਲੇਟ ਕਰਨ ਵਾਲੇ ਅਧਿਕਾਰੀਆ□ਖਿਲਾਫ ਕਾਰਵਾਈ

***781. ਸਰਦਾਰ ਜਗਸੀਰ ਸਿੰਘ**: ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

□ ) ਕੀ ਹਲਕਾ ਭੁੱਚੋ ਮੰਡੀ ਵਿੱਚ ਇੱਕ ਲਹਿਰਾ ਮੁਹੱਬਤ ਵਿਖੇ ਥਰਮਲ ਪਲਾਂਟ ਲੱਗਾ ਹੋਇਆ ਹੈ, ਉਸ ਪਲਾਂਟ ਦਾ ESP ਪਲਾਂਟ 2022 ਵਿੱਚ ਬਲਾਸਟ ਹੋ ਗਿਆ ਸੀ, ਜਿਸ ਕਾਰਨ ਉਹ ਬੰਦ ਹੈ;

ਅ) ਉਪਰੋਕਤ ਭਾਗ (□ ) ਵਿੱਚ ਵਰਣਿਤ ਥਰਮਲ ਪਲਾਂਟ ਦਾ ਕੰਮ ਲੇਟ ਕਰਨ ਵਾਲੇ ਅਧਿਕਾਰੀਆਂ ਤੇ ਕਦੋਂ ਤੱਕ ਬਣਦੀ ਕਾਰਵਾਈ ਕੀਤੀ ਜਾਵੇਗੀ?

**ਸਰਦਾਰ ਹਰਭਜਨ ਸਿੰਘ**: ਮਿਤੀ 13.05.2022 ਨੂੰ 21.30 ਵਜੇ ਯੂਨਿਟ ਨੰਬਰ 2 ਥਰਮਲ ਪਲਾਂਟ ਲਹਿਰਾ ਮੁਹੱਬਤ ਦਾ Electro Static Precipitators (ESP) ਡਿੱਗ ਪਿਆ ਜਿਸ ਦਾ ਕਾਰਨ ਬਲਾਸਟ ਨਹੀਂ ਸੀ। ਇਸ ਘਟਨਾ ਦਾ ਕਾਰਨ Electro Static Precipitators (ESP) ਦੇ ਮੈਂਬਰਾਂ ਦਾ Structural Failure ਸੀ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਇਸ ਦੀ ਉਸਾਰੀ ਸਾਲ 1997 ਵਿੱਚ ਹੋਈ ਸੀ ਅਤੇ ਇਸ ਦਾ ਜੀਵਨ ਕਾਲ 25 ਸਾਲ ਸੀ ਜੋ ਕਿ ਪੂਰਾ ਹੋ ਚੁੱਕਿਆ ਸੀ।

ਅ) ਥਰਮਲ ਪਲਾਂਟ ਦਾ ਕੋਈ ਵੀ ਕੰਮ ਲੇਟ ਨਹੀਂ ਕੀਤਾ ਜਾ ਰਿਹਾ ਹੈ। ਉਕਤ ਯੂਨਿਟ ਨੰਬਰ 2 ਦੇ Electro Static Precipitators (ESP) ਦੀ ਮੁੜ ਉਸਾਰੀ ਲਈ ਲੋੜ ਅਨੁਸਾਰ ਅਤੇ ਨਿਯਮਾਂ ਮੁਤਾਬਿਕ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

-------

**ਪਿੰਡ ਬੱਸੀਆ ਵਿਖੇ ਮਹਾਰਾਜ ਦਲੀਪ ਸਿੰਘ ਦੀ ਯਾਦਗਾਰੀ ਇਮਾਰਤ ਦੀ ਸਾਂਭ-ਸੰਭਾਲ**

***795. ਸ੍ਰੀ ਹਾਕਮ ਸਿੰਘ ਠੇਕੇਦਾਰ:** ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਰਾਏਕੋਟ ਦੇ ਪਿੰਡ ਬੱਸੀਆਂ ਵਿਖੇ ਬਣੀ ਇਤਿਹਾਸਿਕ ਇਮਾਰਤ, ਜੋ ਕਿ ਮਹਾਰਾਜਾ ਦਲੀਪ ਸਿੰਘ ਦੀ ਯਾਦਗਾਰੀ ਇਮਾਰਤ ਹੈ, ਦੀ ਸਾਂਭ-ਸੰਭਾਲ ਜਾਂ ਦੇਖ-ਰੇਖ ਸਰਕਾਰ ਦੇ ਵਿਚਾਰ ਅਧੀਨ ਹੈ।

**ਮਿਸ ਅਨਮੋਲ ਗਗਨ ਮਾਨ**: ਹਾਂ ਜੀ।

**-------**

**ਹਲਕਾ ਅਟਾਰੀ ਜੀ.ਟੀ.ਰੋਡ ਪਲਾਜ਼ਾ ਕੋਲ Horticulture Training Center ਬਣਾਉਣਾ**

***809. ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ :** ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਅਟਾਰੀ ਜੀ.ਟੀ. ਰੋਡ ਨਜ਼ਦੀਕ ਟੋਲ-ਪਲਾਜ਼ਾ ਕੋਲ **Horticulture Training Center** ਬਣਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਸੈਂਟਰ ਬਣਨਾ ਸ਼ੁਰੂ ਹੋਵੇਗਾ ?

**ਬਾਗਬਾਨੀ ਮੰਤਰੀ (ਸਰਦਾਰ ਚੇਤਨ ਸਿੰਘ ਜੋੜਾਮਾਜਰਾ)** : ਨਹੀਂ ਜੀ, ਬਾਗਬਾਨੀ ਵਿਭਾਗ ਵੱਲੋਂ ਹਲਕਾ ਅਟਾਰੀ ਜੀ.ਟੀ. ਰੋਡ ਨਜ਼ਦੀਕ ਟੋਲ ਪਲਾਜ਼ਾ ਕੋਲ ਕੋਈ **Horticulture Training Center** ਬਣਾਉਣ ਦੀ ਤਜਵੀਜ਼ ਨਹੀਂ ਹੈ। ਭਾਰਤ ਸਰਕਾਰ ਵੱਲੋਂ Post Graduate Institute of Horticulture Research and Education (PGIHRE) ਦਾ ਪ੍ਰਬੰਧਕੀ ਬਲਾਕ ਬਣਾਉਣ ਲਈ ਪਿੰਡ ਛਿੱਡਣ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਜ਼ਮੀਨ ਐਕਵਾਇਰ ਕਰਨ ਲਈ ਪੰਜਾਬ ਸਰਕਾਰ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ।

-------

**ਮੁੱਲਾਂਪੁਰ ਤੋਂ ਹੰਬੜਾ ਤੱਕ ਫਿਰੋਜ਼ਪੁਰ ਰੋਡ ਨੂੰ ਚੌੜਾ ਕਰਨਾ**

***406. ਸਰਦਾਰ ਮਨਪ੍ਰੀਤ ਸਿੰਘ ਇਆਲੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁੱਲਾਂਪੁਰ ਤੋਂ ਹੰਬੜਾ ਤੱਕ ਫਿਰੋਜ਼ਪੁਰ ਰੋਡ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ।

**ਸਰਦਾਰ ਹਰਭਜਨ ਸਿੰਘ**: ਨਹੀਂ ਜੀ।

-------

# ANNOUNCEMENT BY THE DEPUTY SPEAKER REGARDING PANEL OF CHAIRMEN

**ਮਾਣਯੋਗ ਡਿਪਟੀ ਸਪੀਕਰ**: ਅਨਾਊਂਸਮੈਂਟ।

ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਅਧੀਨ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਂਵਲੀ ਦੇ ਲਈ ਨਾਮਜ਼ਦ ਕਰਦਾ ਹਾਂ: -

1. ਸ੍ਰੀ ਬੁੱਧ ਰਾਮ, ਐਮ.ਐਲ.ਏ.
2. ਸਰਦਾਰ ਪਰਗਟ ਸਿੰਘ ਪੋਆਰ, ਐਮ.ਐਲ.ਏ.
3. ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.
4. ਸਰਦਾਰ ਮਨਪ੍ਰੀਤ ਸਿੰਘ ਇਆਲੀ, ਐਮ.ਐਲ.ਏ.

**-------**

# MATTERS RAISED DURING ZERO HOUR AND STATEMENT MADE BY THE MINISTER THEREON

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਮਾਣਯੋਗ ਡਿਪਟੀ ਸਪੀਕਰ ਸਾਹਿਬ, ਜ਼ੀਰੋ ਆਵਰ ਵਿੱਚ ਡਿਸਕਸ ਕਰਨ ਲਈ ਪੰਜਾਬ ਵਿੱਚ ਬਹੁਤ ਸਾਰੇ ਮੁੱਦੇ ਹਨ। ਭਾਵੇਂ ਸੈਸ਼ਨ ਵਿੱਚ ਬਹੁਤ ਕੰਫਿਊਜ਼ਨ ਹੈ। There is a complete confusion between the Constitutional Head who is the Governor and the Government of the day. ਉਹ ਕਹਿੰਦੇ ਹਨ ਕਿ ਇਹ ਸੈਸ਼ਨ constitutionally ਨਹੀਂ ਹੋ ਸਕਦਾ, ਇਹ ਸੈਸ਼ਨ ਇਲਲੀਗਲ ਹੈ। ਇਸ ਸੈਸ਼ਨ ਨੂੰ ਇਲਲੀਗਲ ਮੰਨਦੇ ਹੋਏ ਵੀ ਅਸੀਂ ਇੱਥੇ ਆਏ ਹਾਂ ਕਿਉਂਕਿ ਪੰਜਾਬ ਦੇ ਬਹੁਤ ਸਾਰੇ ਇਹੋ ਜਿਹੇ ਮੁੱਦੇ ਹਨ ਜੋ ਪੰਜਾਬ ਦੇ

ਲੋਕ ਚਾਹੁੰਦੇ ਹਨ ਕਿ ਆਪੋਜ਼ੀਸ਼ਨ ਪਾਰਟੀ ਸਦਨ ਵਿੱਚ ਇਹ ਮੁੱਦੇ ਉਠਾਏ। ਜਿਸ ਵਿੱਚ ਸਭ ਤੋਂ ਪਹਿਲਾ ਮੁੱਦਾ ਐਸ.ਵਾਈ.ਐਲ. ਦਾ ਹੈ, ਜੋ ਸਾਡੀ ਸ਼ਾਹਰਗ ਹੈ। ਕੀ ਤੁਸੀਂ ਕਿਰਪਾ ਕਰਕੇ ਸਾਨੂੰ ਦੱਸ ਸਕੋਗੇ ਕਿ ਕੀ ਅੱਜ ਜਾਂ ਕੱਲ੍ਹ ਇਸ ਮੁੱਦੇ ਤੇ ਚਰਚਾ ਦਾ ਕੋਈ ਸਮਾਂ ਰੱਖਿਆ ਗਿਆ ਹੈ ਜਾਂ ਨਹੀਂ। ਦੂਜਾ, ਇਸ ਦੇ equally important and may be more important than that is the issue of Bargarhi and Behbal Kalan. ਇਹ ਮੁੱਦਾ ਹਰ ਪੰਜਾਬੀ ਦੇ ਦਿਲ ਨੂੰ ਦੁਖਾਉਂਦਾ ਹੈ, ਦਿਲ ਨੂੰ ਛੂੰਹਦਾ ਹੈ। ਤੁਹਾਡੀ ਆਪਣੀ ਆਮ ਆਦਮੀ ਪਾਰਟੀ ਦੇ ਕਨਵੀਨਰ ਨੇ ਇਹ ਗੱਲ ਕਹੀ ਸੀ ਕਿ ਜਦੋਂ ਮੌਕਾ ਆਇਆ ਤੇ ਜਿਸ ਦਿਨ ਇਮਾਨਦਾਰ ਮੁੱਖ ਮੰਤਰੀ ਆ ਗਿਆ ਤਾਂ 24 ਘੰਟਿਆਂ ਵਿੱਚ ਅਸੀਂ ਇਸ ਮੁੱਦੇ ਦਾ ਹੱਲ ਕੱਢ ਦਿਆਂਗੇ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਰਿਟਾਇਰਡ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਬਿਆਨ ਆਇਆ ਤੇ ਉਨ੍ਹਾਂ ਨੇ ਹੁਣ ਦੇ ਮੁੱਖ ਮੰਤਰੀ ਨੂੰ ਇਹ ਗੱਲ ਕਹਿੰਦੇ ਹੋਏ ਐਕਿਊਸ ਕੀਤਾ ਹੈ ਕਿ ਮੁੱਖ ਮੰਤਰੀ ਜੀ ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਦੇ ਹੋਏ ਆਪਣੀ ਆਈ.ਪੀ.ਐਸ. ਦੀ ਚੰਦ ਸਾਲਾਂ ਦੀ ਨੌਕਰੀ ਤਿਆਗ ਦਿੱਤੀ। ਉਹ ਕਹਿੰਦੇ ਕਿ ਮੈਨੂੰ ਵਿਸ਼ਵਾਸ ਸੀ ਕਿ ਪਿਛਲੀਆਂ ਸਰਕਾਰਾਂ ਵਿੱਚ ਜੋ ਕੋਈ ਕੁਤਾਹੀ ਹੋਈ ਹੈ ਤਾਂ ਇਸ ਨੂੰ ਪੱਕਾ ਜਸਟਿਸ ਦਿਓਗੇ ਪਰ ਜਿਹੜੀ ਹੁਣ ਪ੍ਰੈਜ਼ੈਂਟ SIT ਹੈ ਉਸ ਦੇ ਗਵਾਹਾਂ ਨੇ ਹੁਣ ਮੁਕਰਾਉਣਾ ਸ਼ੁਰੂ ਕਰ ਦਿੱਤਾ ਹੈ। ਅਸੀਂ ਚਾਹਾਂਗੇ ਕਿ ਇਸ ਮੁੱਦੇ ਤੇ ਹਰ ਹਾਲਤ ਵਿੱਚ ਬਹਿਸ ਰੱਖੀ ਜਾਵੇ। ਕੁੰਵਰ ਵਿਜੈ ਪ੍ਰਤਾਪ ਸਿੰਘ who is the authority of this ਜਿਨ੍ਹਾਂ ਦਾ ਸਮੁੱਚੇ ਪੰਜਾਬ ਵਿੱਚ ਵੱਡੇ ਵੱਡੇ ਪੋਸਟਰ ਲਗਾ ਕੇ ਪੰਜਾਬੀਆਂ ਦੇ ਸੈਂਟੀਮੈਂਟਸ ਨੂੰ ਜਿੱਤਣ ਵਾਸਤੇ ਕੇਜਰੀਵਾਲ ਸਾਹਿਬ ਤੇ ਮਾਨ ਸਾਹਿਬ ਨੇ ਆਪਣੀਆਂ ਚੋਣਾਂ ਵਿੱਚ ਉਨ੍ਹਾਂ ਦਾ ਪੂਰਾ ਇਸਤੇਮਾਲ ਕੀਤਾ । ਅੱਜ ਉਹੀ ਆਈ.ਪੀ.ਐਸ. ਰੈਂਕ ਦਾ ਅਫਸਰ ਜਿਸ ਨੇ 12-13 ਸਾਲ ਦੀ ਆਪਣੀ ਆਈ.ਪੀ.ਐਸ. ਦੀ ਨੌਕਰੀ ਛੱਡੀ ਉਹੀ ਤੁਹਾਡੇ ਤੇ ਸਵਾਲ ਕਰਦਾ ਹੈ। ਮੈਂ ਚਾਹਾਂਗਾ ਕਿ ਇਸ ਮੁੱਦੇ ਤੇ ਜ਼ਰੂਰ ਚਰਚਾ ਹੋਣੀ ਚਾਹੀਦੀ ਹੈ ਤੇ ਸੀ.ਐਮ. ਭਗਵੰਤ ਮਾਨ ਜੀ ਇਸ ਦਾ ਜਵਾਬ ਦਿਓ। ਤੀਸਰੀ ਗੱਲ, ਤੁਹਾਡੇ ਆਪਣੇ ਐਮ.ਐਲ.ਏ. ਸ਼ੀਤਲ ਅੰਗੁਰਾਲ ਨੇ ਚੰਦ ਦਿਨ ਪਹਿਲੇ ਜਲੰਧਰ ਦੇ ਮੈਂਬਰ ਪਾਰਲੀਮੈਂਟ ਨੂੰ ਇਹ ਗੱਲ ਕਹੀ ਕਿ ਉਸ ਦੇ ਰਿਸ਼ਤੇਦਾਰ ਡਰੱਗਜ਼ ਦਾ ਕੰਮ ਕਰਦੇ ਹਨ। ਮੈਂ ਇੱਥੇ ਹਾਊਸ ਤੇ ਪੂਰਾ ਵਿਸ਼ਵਾਸ ਰੱਖਦਾ ਹਾਂ ਕਿ ਅੱਜ ਦੀ ਸਰਕਾਰ ਇਸ ਸਬੰਧੀ ਹਾਈ ਲੈਵਲ ਇਨਕੁਆਰੀ ਕਰਵਾਏਗੀ। ਇਹ ਕੋਈ ਛੋਟੀ ਗੱਲ ਨਹੀਂ ਹੈ। ਇਸ ਦੇ ਨਾਲ ਹੀ ਸ਼ੀਤਲ ਅੰਗੁਰਾਲ ਜੀ ਨੂੰ ਹਾਊਸ ਵਿੱਚ ਬਕਾਇਦਾ ਵਕਤ ਵੀ ਦਿੱਤਾ ਜਾਵੇ ਤਾਂ ਜੋ ਉਹ ਆਪਣੀ ਗੱਲ ਕਲੀਅਰ ਕਰ ਸਕਣ। ਇੱਕ ਪਾਸੇ ਤਾਂ ਮੁੱਖ ਮੰਤਰੀ ਸਾਹਿਬ ਤੇ ਸਾਰੀ ਸਰਕਾਰ ਚੰਦ ਦਿਨ ਪਹਿਲੇ ਦਰਬਾਰ ਸਾਹਿਬ ਜਾ ਕੇ ਪੈਂਤੀ ਚਾਲੀ ਹਜ਼ਾਰ ਨੌਜਵਾਨਾਂ ਨਾਲ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਗੱਲ ਕਰਦੀ ਹੈ ਤੇ ਦੂਜੇ ਪਾਸੇ ਤੁਹਾਡੀ ਪਾਰਟੀ ਦਾ ਸਿਟਿੰਗ ਐਮ.ਐਲ.ਏ., ਤੁਹਾਡੇ ਹੀ ਸਿਟਿੰਗ ਐਮ.ਪੀ. ਤੇ ਇੰਨਾ ਵੱਡਾ ਇਲਜ਼ਾਮ ਲਗਾਉਂਦਾ ਹੈ। ਇਸ ਸਬੰਧੀ ਵੀ ਕਲੈਰਿਟੀ ਦੀ ਬਹੁਤ ਲੋੜ ਹੈ। ਚੌਥੀ ਗੱਲ, ਜਿਹੜੀ ਸਾਡੀ ਸ਼ਾਹਰਗ ਹੈ, ਤੁਹਾਡਾ ਪੰਜਾਬ ਦਾ ਐਮ.ਪੀ. ਸੰਦੀਪ ਪਾਠਕ who represents Punjab, may be he is not Punjabi ਪਰ ਤੁਸੀਂ ਉਸ ਨੂੰ ਪੰਜਾਬ ਦਾ ਐਮ.ਪੀ. ਬਣਾ ਕੇ ਘੱਲਿਆ। ਉਸ ਨੇ ਪੰਜਾਬ ਦੇ ਹੱਕ ਵਿੱਚ ਇੱਕ ਵੀ ਸਟੇਟਮੈਂਟ ਨਹੀਂ ਦਿੱਤੀ। ਉਸ ਨੇ ਕਰਨਾਲ, ਹਰਿਆਣਾ ਵਿੱਚ ਪਲੇਟਫਾਰਮ ਇਸਤੇਮਾਲ ਕਰਕੇ ਹਰਿਆਣਾ ਦੇ ਹੱਕ ਵਿੱਚ ਗੱਲ ਕੀਤੀ ਤੇ ਪੰਜਾਬ ਦੇ ਰਾਈਪੇਰੀਅਨ ਰਾਈਟਸ ਤੇ ਇੰਟਰਨੈਸ਼ਨਲ ਕਾਨੂੰਨ ਨੂੰ ਛਿੱਕੇ ਟੰਗਦੇ ਹੋਏ ਪੰਜਾਬ ਦਾ ਜ਼ਿਕਰ ਵੀ ਨਹੀਂ ਕੀਤਾ।

**1335/mehak/Rajneesh kumar**

**1340/Sukhpiar Singh**

*1.40 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਣਯੋਗ ਸਪੀਕਰ ਸਾਹਿਬ ਨੇ ਸਦਨ ਦੀ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਅਸੀਂ ਚਾਹੁੰਦੇ ਹਾਂ ਕਿ ਜੇ ਤੁਸੀਂ ਇਮਾਨਦਾਰੀ ਨਾਲ ਪੰਜਾਬ ਦੇ ਪਾਣੀਆਂ ਦੀ ਗੱਲ ਕਰਨਾ ਚਾਹੁੰਦੇ ਹੋ ਤਾਂ ਮਾਨ ਸਾਹਿਬ ਸੰਦੀਪ ਪਾਠਕ ਨੂੰ immediately ਸਸਪੈਂਡ ਕੀਤਾ ਜਾਵੇ। ਮੈਨੂੰ ਇੱਕ ਮਿੰਟ ਗੱਲ ਕਰ ਲੈਣ ਦਿਉ। ਮੈਨੂੰ ਇਸ ਗੱਲ ਦਾ ਬਹੁਤ ਅਫਸੋਸ ਹੈ, ਪੰਜਾਬ ਦਾ ਇੱਕ ministerial house, ਜਿੱਥੇ ਮਨਿਸਟਰ ਰਹਿੰਦੇ ਹਨ, ਤੁਸੀਂ ਆਪਣੇ ਐਮ.ਐਲ.ਏ. ਦੇ ਨਾਮ ਤੇ ਉਹ ਘਰ ਕੀਤੇ (ਵਿਘਨ) ਇੱਕ ਸਕਿੰਟ ਜੀ ਪਲੀਜ਼।

**ਮਾਣਯੋਗ ਸਪੀਕਰ:** ਬਾਜਵਾ ਸਾਹਿਬ, ਇਹ ਸਾਰਿਆਂ ਦਾ ਹਾਊਸ ਹੈ, ਜ਼ੀਰੋ ਆਵਰ ਸਾਰਿਆਂ ਨੂੰ ਦੇਣਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੈਂ ਕਦੋਂ ਕਿਹਾ ਹੈ ਕਿ ਨਾ ਦਿਉ। (ਵਿਘਨ) ਤੁਸੀਂ ਸਪੀਕਰ ਸਾਹਿਬ ਪਲੀਜ਼ ਚੰਗਾ ਮਾੜਾ ਸ਼ਾਂਤੀ ਨਾਲ ਗੱਲ ਕਰ ਲੈਣ ਦਿਉ, within five minutes I will complete my debate.

**Mr. Speaker:** No, no, no, never. (ਵਿਘਨ)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਸੀਂ ਪਲੀਜ਼ ਗੱਲ ਸੁਣ ਲਵੋ।

**Mr. Speaker:** No, no, ਬਿਲਕੁਲ ਨਹੀਂ, ਇਆਲੀ ਸਾਹਿਬ ਬੋਲਣਗੇ। (ਵਿਘਨ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** **

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ):** ਸਪੀਕਰ ਸਾਹਿਬ, ਮੈਂ ਇਹ ਮਸਲਾ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਮੌਕੇ ਗਰੀਬਾਂ ਦੇ ਨੀਲੇ ਕਾਰਡ ਬਣੇ ਸੀ ਲੇਕਿਨ ਉਹ ਬਹੁਤ ਸਾਰੇ ਲੋੜਵੰਦ ਪਰਿਵਾਰ ਹਨ ਜਿਹੜੇ ਗਰੀਬੀ ਰੇਖਾਂ ਤੋਂ ਹੇਠਾਂ ਰਹਿ ਰਹੇ ਹਨ, ਉਨ੍ਹਾਂ ਦੇ ਕਾਰਡ ਕੱਟੇ ਗਏ ਹਨ।

**ਮਾਣਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** **

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਉਹ ਗਰੀਬ ਅਤੇ ਲੋੜਵੰਦ ਪਰਿਵਾਰ ਹਨ, ਉਨ੍ਹਾਂ ਦੀ ਇਨਕੁਆਰੀ ਕਰਕੇ ਜਲਦੀ ਤੋਂ ਜਲਦੀ ਦੁਬਾਰਾ ਨੀਲੇ ਕਾਰਡ ਬਣਾਏ ਜਾਣ ਤਾਂ ਕਿ ਉਹ ਲੋਕਾਂ ਨੂੰ ਸਕੀਮ ਦਾ ਸਹੀ ਫਾਇਦਾ ਮਿਲ ਸਕੇ। ਇਹ ਮੇਰੀ ਬੇਨਤੀ ਹੈ ਜੀ, ਧੰਨਵਾਦ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐੱਸ.ਸੀ.):** ਸਪੀਕਰ ਸਾਹਿਬ, ਪਿਛਲੇ ਦਿਨੀਂ ਬਰਸਾਤ ਦੇ ਦਿਨਾਂ ਵਿੱਚ ਵਿਧਾਨ ਸਭਾ ਹਲਕਾ ਬੰਗਾ, ਨਵਾਂ ਸ਼ਹਿਰ ਵਿੱਚ ਹੜ੍ਹ ਆਏ, ਉਸ ਨਾਲ ਕਿਸਾਨਾਂ ਦੀਆਂ ਫਸਲਾਂ ਮਰੀਆਂ ਅਤੇ ਕਈ ਕਿਸਾਨਾਂ ਨੇ ਦੁਬਾਰਾ ਆਪਣਾ ਝੋਨਾ ਵੀ ਬੀਜਿਆ ਅਤੇ ਕਈ ਗਰੀਬ ਲੋਕ ਜਿਨ੍ਹਾਂ ਦੇ ਮਕਾਨ ਕੱਚੇ ਸੀ ਜਾਂ ਲੈਂਟਰ ਨਹੀਂ ਪਏ ਸੀ। ਉਨ੍ਹਾਂ ਦੇ ਘਰਾਂ ਵਿੱਚ ਤਰੇੜਾਂ ਆ ਗਈਆਂ ਪਰ ਜਿੱਥੇ ਪੰਜਾਬ ਵਿੱਚ ਕੋਈ ਮੁਆਵਜ਼ੇ ਦੀ ਗੱਲ ਹੋਈ ਪਰ ਸ਼ਹੀਦ ਭਗਤ ਸਿੰਘ ਨਗਰ ਵਿੱਚ ਕਿਸੇ ਇੱਕ ਕਿਸਾਨ, ਕਿਸੇ ਗਰੀਬ, ਕਿਸੇ ਮਜ਼ਦੂਰ ਨੂੰ ਇੱਕ ਰੁਪਏ ਦਾ ਮੁਆਵਜ਼ਾ ਨਹੀਂ ਮਿਲਿਆ। ਉੱਪਰੋਂ ਵਿਧਾਨ ਸਭਾ ਹਲਕਾ ਬੰਗਾ ਫਗਵਾੜਾ ਸ਼ੂਗਰ ਮਿੱਲ ਨਾਲ ਅਟੈਚ ਹੈ ਔਰ ਕਿਸਾਨਾਂ ਦੀ ਪਿਛਲੇ ਚਾਰ ਸਾਲਾਂ ਤੋਂ ਗੰਨੇ ਦੀ ਪੇਮੈਂਟ ਨਹੀਂ ਹੋਈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜਿੱਥੇ ਕਿਸਾਨਾਂ ਦੀਆਂ ਫਸਲਾਂ ਮਰੀਆਂ ਜਿਨ੍ਹਾਂ ਦੇ ਮਕਾਨ ਡਿੱਗੇ ਅਤੇ ਜਿਨ੍ਹਾਂ ਕਿਸਾਨਾਂ ਦੇ ਚਾਰ-ਚਾਰ ਫਸਲਾਂ ਦੇ ਗੰਨੇ ਦੇ ਪੈਸੇ ਨਹੀਂ ਮਿਲੇ, ਉਨ੍ਹਾਂ ਦੀ ਅਦਾਇਗੀ ਜਲਦੀ ਕਰਵਾਈ ਜਾਵੇ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ):** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਰ, ਇਸ ਤਰ੍ਹਾਂ ਹੈ ਕਿ ਜਦੋਂ ਕੋਈ ਵੀ ਸਰਕਾਰ ਹੋਵੇ, ਜਦੋਂ ਸੈਸ਼ਨ ਬੁਲਾਇਆ ਜਾਂਦਾ ਹੈ ਤਾਂ ਉਹ ਲੋਕਾਂ ਦੇ ਮੁੱਦਿਆਂ ਵਾਸਤੇ ਬੁਲਾਇਆ ਜਾਂਦਾ ਹੈ। ਇਸ ਤੋਂ ਪਹਿਲਾਂ ਵੀ ਬੜਾ confusion ਅਤੇ ਰੌਲਾ ਸਾਰੇ ਆਪੋਜ਼ੀਸ਼ਨ ਦੇ ਸਤਿਕਾਰਯੋਗ ਸਾਥੀਆਂ ਨੇ ਪਾਇਆ ਕਿ ਗਵਰਨਰ ਸਾਹਿਬ ਨੇ ਇੱਕ ਲੈਟਰ ਲਿਖਿਆ ਹੈ ਕਿ ਸੈਸ਼ਨ ਲੀਗਲ ਹੈ ਜਾਂ ਇਲਲੀਗਲ ਹੈ। ਸਰ, ਇੰਨਾ-ਕੁ confusion create ਕੀਤਾ ਜਾ ਰਿਹਾ ਹੈ, ultimately ਗੱਲ ਇਹ ਹੈ ਕਿ ਵਿਧਾਨ ਸਭਾ ਨੂੰ ਜਦੋਂ ਚਲਾਉਣਾ ਹੈ ਤਾਂ ਇਹ ਰੂਲ ਬੁੱਕ ਮੁਤਾਬਿਕ ਚੱਲਣਾ ਹੈ। ਹੁਣ ਮੈਂ ਪਹਿਲਾਂ ਹੀ ਕਲੀਅਰ ਕਰ ਦਿੰਦਾ ਹਾਂ, ਆਪਾਂ ਬਿਨਾਂ ਗੱਲ ਤੋਂ ਰੌਲਾ ਪਾਈਏ, ਇਸ ਵਿੱਚ ਕੋਈ ਇਸ਼ੂ ਨਹੀਂ ਹੈ। ਸਰ, Rule 16 ਕਹਿੰਦਾ ਹੈ ਕਿ Subject to the Provisions of the Constitution and these Rules of Vidhan Sabha (Assembly) may be adjourned from time to time by its own order. ਯਾਨੀ ਕਿ ਆਪ ਸਥਗਿਤ ਹੋ ਸਕਦੀ ਹੈ, provided that a motion for adjournment of the Vidhan Sabha (Assembly) to a day or *sine die* shall not be made except in consultation with the Speaker. ਤੁਸੀਂ ਮਾਲਕ ਹੋ, ਤੁਸੀਂ ਜੋ ਮਰਜ਼ੀ ਫੈਸਲਾ ਕਰੋ, provided further that the Speaker may, ਜੇ ਸਪੀਕਰ ਸਾਹਿਬ ਚਾਹੁਣ if it is represented to him by the Minister ਜੇ ਇੱਕ ਮਨਿਸਟਰ ਵੀ ਕਰ ਦੇਣ, ਇੱਥੇ ਤਾਂ ਕਾਊਂਸਲ ਆਫ ਮਨਿਸਟਰ ਨੇ ਤੁਹਾਨੂੰ ਬੇਨਤੀ ਕੀਤੀ ਹੈ, that the public interest requires ਕਿ ਲੋਕ ਹਿੱਤ ਚਾਹੁੰਦਾ ਹੈ, that the Vidhan Sabha (Assembly) should meet at any earlier time

**1340/Sukhpiar Singh/Monika sharma**

**1345/Manika Rani**

during the adjournment and if he is satisfied that the public interest does so require, give notice that he is so satisfied, ਤੁਸੀਂ satisfied ਹੋ ਅਤੇ ਤੁਸੀਂ ਬੁਲਾ ਸਕਦੇ ਹੋ and can call a meeting of the Vidhan Sabha before the day to which it has been adjourned or any time after it has been adjourned sine die.

ਸਰ, ਜਦੋਂ ਹਾਊਸ ਨੇ ਇੱਕ ਵਾਰੀ sine-die ਕਰ ਦਿੱਤਾ, through council of ministers ਨੇ ਤੁਹਾਨੂੰ ਬੇਨਤੀ ਕਰ ਦਿੱਤੀ, ਕਿ ਲੋਕ ਹਿੱਤ ਅਨੁਸਾਰ ਸੈਸ਼ਨ ਦੁਬਾਰਾ ਬੁਲਾ ਲਓ ਤੇ ਤੁਸੀਂ ਬੁਲਾ ਲਿਆ। ਇਨ੍ਹਾਂ ਨੇ ਰੌਲਾ ਪਾਉਣਾ ਹੈ ਤਾਂ ਇਹ ਪਾ ਲੈਣ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ) ਸਰ, ਕੋਈ ਕਾਨੂੰਨ, ਨਾ ਇਹ ਰੂਲ ਬੁੱਕ, ਨਾ ਕੰਸਟੀਚਿਊਸ਼ਨ, ਮੈਨੂੰ ਇਹ ਇੱਕ ਲਾਈਨ ਦਿਖਾ ਦੇਣ ਕਿ ਗਵਰਨਰ ਸਾਹਿਬ ਦਾ prerogative ਹੈ, ਸੈਸ਼ਨ ਨੂੰ ਗੈਰ ਕਾਨੂੰਨੀ ਕਹਿਣਾ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਰ, ਇਸ ਤੋਂ ਇਲਾਵਾ ਹਾਊਸ ਦੇ ਤੁਸੀਂ sole ਮਾਲਕ ਹੋ, ਜਦੋਂ ਯੂਨਾਨੀਮਸਲੀ ਹਾਊਸ adjourn ਹੋ ਗਿਆ ਤੁਸੀ sine die ਕਰ ਦਿੱਤਾ ਤਾਂ ਫਿਰ ਐਵੇਂ ਰੌਲਾ ਪਾਉਣ ਦੀ ਕੋਈ ਤੁੱਕ ਨਹੀਂ ਬਣਦੀ। ਕੌਂਸਲ ਆਫ ਮਨਿਸਟਰ ਨੇ ਤੁਹਾਨੂੰ ਬੇਨਤੀ ਕਰ ਲਈ ਅਤੇ ਤੁਸੀਂ ਸੈਸ਼ਨ ਬੁਲਾ ਲਿਆ, ਫਿਰ ਇਸ ਵਿੱਚ ਰੌਲਾ ਹੀ ਕੋਈ ਨਹੀਂ। ਤੁਸੀਂ ਮਾਲਕ ਹੋ। ਸੈਸ਼ਨ ਬੁਲਾ ਸਕਦੇ ਹੋ। ਜੇਕਰ ਲੀਗਲ ਅਤੇ ਇਲੀਗਲ ਦਾ ਰੌਲਾ ਪੈ ਜਾਵੇ ਤਾਂ ਇਸ ਨੂੰ ਕੌਣ ਕਰ ਸਕਦਾ ਹੈ, ਸਪੀਕਰ ਸਾਹਿਬ, ਸੁਪਰੀਮ ਕੋਰਟ ਤੋਂ ਉੱਪਰ ਤਾਂ ਕੁਝ ਨਹੀਂ ਹੈ। ਸਰ, 2004 ਵਿੱਚ ਵਾਜਪਾਈ ਸਾਹਿਬ ਦੀ ਸਰਕਾਰ ਸੀ, ਰਾਮਦਾਸ ਅਠਾਵਲੇ, ਨਾਮ ਦੇ ਬੀਜੇਪੀ ਦੇ ਮਨਿਸਟਰ ਹਨ। 2004 ਦੇ ਵਿੱਚ ਦਸੰਬਰ ਵਿੱਚ winter session ਐਵੇਂ ਹੀ prorogue ਨਹੀਂ ਹੋਇਆ, Sine-dine ਕੀਤਾ। ਇਸ ਤੋਂ ਇਲਾਵਾ ਜਨਵਰੀ ਵਿੱਚ ਫਿਰ ਸੈਸ਼ਨ ਬੁਲਾ ਲਿਆ ਗਿਆ। ਬੀਜੀਪੇ ਵਾਲਿਆਂ ਦੇ ਸਾਥੀ ਅਠਾਵਲੇ ਸਾਹਿਬ, ਸੁਪਰੀਮ ਕੋਰਟ ਵਿੱਚ ਚਲੇ ਗਏ, ਸੁਪਰੀਮ ਕੋਰਟ ਨੇ 4 ਸਾਲਾਂ ਮਗਰੋਂ, constitutional bench ਨੇ ਫੈਸਲਾ ਕੀਤਾ ਕਿ ਇਹ ਸੈਸ਼ਨ ਲੀਗਲ ਹੈ, ਜਦੋਂ ਹਾਊਸ ਚਾਹੇ ਤਾਂ ਸੈਸ਼ਨ ਬੁਲਾਇਆ ਜਾ ਸਕਦਾ ਹੈ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਤੋਂ ਇਲਾਵਾ 2017-18 ਵਿੱਚ ਦਿੱਲੀ ਵਿਖੇ ਸਾਡੀ ਸਰਕਾਰ ਦੇ ਵਿੱਚ ਹੋਇਆ। ਉਦੋਂ ਪ੍ਰਸ਼ਾਤ ਕੁਮਾਰ ਜੀ ਨੇ ਦਿੱਲੀ ਹਾਈਕੋਰਟ ਵਿੱਚ ਕੇਸ ਪਾਇਆ ਸੀ ਅਤੇ ਦਿੱਲੀ ਹਾਈਕੋਰਟ ਵੱਲੋਂ ਸਾਡੇ ਹੱਕ ਵਿੱਚ ਫੈਸਲਾ ਸੁਣਾਇਆ ਸੀ। ਇਹ ਫੈਸਲਾ ਸਾਡੇ ਨਹੀਂ, ਹਾਊਸ ਦੇ ਸਪੀਕਰ ਸਾਹਿਬ ਦੇ ਹੱਕ ਵਿੱਚ ਫੈਸਲਾ ਸੁਣਾਇਆ ਸੀ। ਸਪੀਕਰ ਸਾਹਿਬ, ਇਹ ਲੋਕ ਹਿੱਤ ਲਈ ਮਸਲੇ ਚੁਕਣ ਕਿਉਂਕਿ ਥਾਂ-ਥਾਂ ਤੇ ਲਿਖਿਆ ਹੋਇਆ ਹੈ ਕਿ ਪਬਲਿਕ ਇੰਟਰਸਟ, ਪਬਲਿਕ ਇੰਟਰਸਟ। ਇਹ ਲੋਕ ਹਿੱਤ ਦੇ ਖਾਤਰ ਮਸਲੇ ਚੁੱਕਣ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪਰਗਟ ਸਿੰਘ ਪੋਆਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ :** ਸਰਦਾਰ ਪਰਗਟ ਸਿੰਘ ਜੀ, ਮੈਨੂੰ ਬੋਲ ਲੈਣ ਦਿਓ, ਫਿਰ ਤੁਸੀਂ ਆਪਣੀ ਗੱਲ ਕਰ ਲੈਣਾ।ਪਹਿਲਾਂ ਤੁਸੀਂ ਇੰਨਾ ਬੋਲੇ ਹੋ, ਮੈਂ ਤਾਂ ਆਰਾਮ ਨਾਲ ਬੈਠਾ ਸੀ। ਹੁਣ ਪਲੀਜ਼ ਬੈਠ ਜਾਓ, ਤੁਸੀਂ ਬਾਅਦ ਵਿੱਚ ਗੱਲ ਕਰ ਲੈਣਾ। ਸਰ, ਗੱਲ ਇਹ ਹੈ ਕਿ ਰੂਲ ਬੁੱਕ ਦੇ ਪੈਰ੍ਹੇ ਵਿੱਚ ਲੋਕ ਹਿੱਤ, ਲੋਕ ਹਿੱਤ ਚਾਰ ਵਾਰੀ ਲਿਖਿਆ ਹੈ। ਇਹ ਸਰਕਾਰ ਭਗਵੰਤ ਮਾਨ ਜੀ ਦੀ ਅਗਵਾਈ ਵਿੱਚ ਲੋਕ ਹਿੱਤਾਂ ਦੇ ਮਸਲੇ, ਲੋਕਾਂ ਦੇ ਹਿੱਤ ਲਈ ਲੈ ਕੇ ਆਈ ਹੈ। ਹੁਣ ਜੇ ਗਵਰਨਰ ਸਾਹਿਬ ਨੇ ਇਸ ਸੈਸ਼ਨ ਨੂੰ ਇਲੀਗਲ ਕਹਿਣਾ ਹੈ ਜਾਂ ਪਹਿਲਾਂ ਵਾਲੇ ਬਿਲ ਪਾਸ ਨਹੀਂ ਕਰਨੇ ਹਨ ਜਾਂ ਇਨ੍ਹਾਂ ਨੇ ਉਨ੍ਹਾਂ ਦੇ ਇਸ਼ਾਰੇ ਤੇ ਰੌਲਾ ਪਾਉਣਾ ਹੈ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ ) ਤਾਂ ਫਿਰ ਪੰਜਾਬ ਨੂੰ ਰੱਬ ਹੀ ਬਚਾਏ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਹਾਂ ਜੀ, ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ):** ਸਪੀਕਰ ਸਾਹਿਬ, ਅਮਨ ਜੀ ਬਹੁਤ learned ਹਨ।ਇਹੀ ਸੁਪਰੀਮ ਕੋਰਟ ਗਏ ਸਨ ਅਤੇ ਸੁਪਰੀਮ ਕੋਰਟ ਨੇ ਡਾਇਰੈਕਸ਼ਨ ਦਿੱਤੀ ਸੀ ਕਿ ਦੋਵੇਂ amicably ਬੈਠੋ। ਅਸੀਂ ਚਾਹੁੰਦੇ ਹਾਂ ਕਿ ਦੋਵੇਂ ਐਮੀਕੇਬਲੀ ਬੈਠੋ। ਪੰਜਾਬ ਦਾ ਆਪਾਂ ਨੁਕਸਾਨ ਤਾਂ ਨਾ ਕਰੀਏ। ਆਪਾਂ ਕਹਿੰਦੇ ਹਾਂ ਕਿ ਬਿਲ ਪਾਸ ਕਰ ਲਏ। ਲੇਕਿਨ legally, constitutionally ਅੱਗੇ ਨਹੀਂ ਤੁਰਦੇ। ਅਸੀਂ ਤਾਂ ਖੁਦ ਕਹਿੰਦੇ ਹਾਂ ਕਿ ਤੁਸੀਂ ਭਗਵੰਤ ਮਾਨ ਜੀ ਜਾ ਕੇ ਗਵਰਨਰ ਸਾਹਿਬ ਕੋਲ ਚਾਹ ਪੀ ਕੇ ਆਓ ਅਤੇ ਇਸ ਨੂੰ sort out ਕਰੋ। ਅਸੀਂ ਕੀ ਲੈਣਾ-ਦੇਣਾ।

**ਮਾਣਯੋਗ ਸਪੀਕਰ:** ਪਰਗਟ ਸਿੰਘ ਜੀ ਤੁਹਾਡੀ ਗੱਲ ਆ ਗਈ। ਧੰਨਵਾਦ ਜੀ। (ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

-------

## ANNOUNCEMENT BY THE HON'BLE SPEAKER REGARDING ADDING A NEW FEATURE IN THE CONDUCT OF THE BUSINESS OF THE HOUSE

**ਮਾਣਯੋਗ ਸਪੀਕਰ:** ਮੈਂ ਤਾਂ ਚਾਹੁੰਦਾ ਹਾਂ ਕਿ ਸਾਰੇ ਮੈਂਬਰ ਸਾਹਿਬਾਨ ਨੂੰ ਬੋਲਣ ਲਈ ਸਮਾਂ ਮਿਲੇ। ਹਾਊਸ ਵਿੱਚ ਸੈਸ਼ਨ ਬੁਲਾਉਣਾ ਜਾਂ ਨਾ ਬੁਲਾਉਣਾ, ਇਹ ਲੀਗਲ ਹੈ ਜਾਂ ਇਲੀਗਲ ਹੈ, ਇਹ ਚੇਅਰ ਨੇ ਡਿਸਾਈਡ ਕਰਨਾ ਹੈ। ਚੇਅਰ ਇਹ

ਡਿਸਾਈਡ ਕਰ ਚੁੱਕੀ ਹੈ ਕਿ This session is legal। (Thumping) ਆਪਾਂ ਪੰਜਾਬ ਦੇ ਲੋਕਾਂ ਦਾ ਸਮਾਂ ਕਿਉਂ ਵੇਸਟ ਕਰ ਰਹੇ ਹਾਂ? ਹੁਣ ਮੈਂ ਇੱਕ ਨਵਾਂ feature add ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ, ਆਪਣੀ ਇਸ ਡਿਬੇਟ ਵਿੱਚ ਮੈਂ ਸਾਰੇ ਮਾਨਯੋਗ ਵਿਧਾਇਕਾਂ ਨੂੰ ਇੱਕ ਕੁਐਸਚਨ ਦੇ ਰਿਹਾ ਹਾਂ, ਜਿਹੜਾ ਮਾਨਯੋਗ ਵਿਧਾਇਕ ਪਹਿਲਾਂ ਉਸ ਪ੍ਰਸ਼ਨ ਦਾ ਉੱਤਰ ਦੇਵੇਗਾ, ਉਸ ਨੂੰ ਤਿੰਨ ਮਿੰਟ ਆਪਣੇ ਹਲਕੇ ਲਈ ਬੋਲਣ ਵਾਸਤੇ ਮਿਲਣਗੇ। ਕ੍ਰਿਪਾ ਕਰਕੇ ਆਪਾਂ ਦੂਜੇ ਪਾਸੇ ਲੱਗੀਏ। ਜਿਨ੍ਹਾਂ ਲੋਕਾਂ ਨੇ ਆਪਾਂ ਨੂੰ ਚੁਣ ਕੇ ਭੇਜਿਆ ਹੈ, ਆਪਾਂ ਹੁਣ ਲੋਕਾਂ ਦੀ ਗੱਲ ਕਰੀਏ।

**ਸਰਦਾਰ ਪਰਗਟ ਸਿੰਘ ਪੋਆਰ:** ਸਪੀਕਰ ਸਾਹਿਬ, ਮੈਂ ਪੁਲਿਸ ਦੀ ਗੱਲ ਕਰਨੀ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਤੁਹਾਡੀ ਗੱਲ ਕਰਵਾ ਦਿਆਂਗੇ। you will get zero hour. Let me continue. you will get it.

**1345/Manika Rani/Monika sharma**

**1350/Gurpreet kaur**

ਹੁਣੇ ਜਿਹੇ ਇੱਕ ਫਿਲਮ ਮਿਸ਼ਨ ਰਾਣੀਗੰਜ ਬਣਾਈ ਗਈ ਹੈ, ਇਹ ਫਿਲਮ ਕਿਸ ਉੱਤੇ ਬਣੀ ਹੈ। ਕੋਈ ਮਾਣਯੋਗ ਵਿਧਾਇਕ ਉਸ ਬਾਰੇ ਦੱਸੇਗਾ?

**ਰਾਣਾ ਇੰਦਰ ਪ੍ਰਤਾਪ ਸਿੰਘ** : ਜਸਵੰਤ ਸਿੰਘ ਗਿੱਲ ਤੇ ਫਿਲਮ ਬਣਾਈ ਗਈ ਹੈ।

**ਮਾਨਯੋਗ ਸਪੀਕਰ:** ਬਿਲਕੁਲ ਠੀਕ ਹੈ ਜੀ। You get three minutes. ਸਰਦਾਰ ਜਸਵੰਤ ਸਿੰਘ ਗਿੱਲ ਬਾਰੇ ਵੀ ਦੋ ਸ਼ਬਦ ਦੱਸ ਦਿਓ।

**ਰਾਣਾ ਇੰਦਰ ਪ੍ਰਤਾਪ ਸਿੰਘ:** ਸਰਦਾਰ ਜਸਵੰਤ ਸਿੰਘ ਗਿੱਲ ਆਈ.ਆਈ.ਟੀ. ਦੇ alumni ਸੀ। ਰਾਣੀਗੰਜ ਕੋਲ ਮਾਈਨਜ਼ ਵਿੱਚ 65 ਬੰਦੇ ਫਸ ਗਏ ਸਨ। ਜਦੋਂ ਕੋਲਾ ਕੱਢਿਆ ਜਾਂਦਾ ਹੈ ਤਾਂ ਪਾਣੀ ਅਲੱਗ ਹੁੰਦਾ ਹੈ ਅਤੇ ਕੋਲੇ ਨੂੰ ਕੱਢਦੇ ਹਨ। ਉਹ fields ਵਿੱਚ ਐਕਸੀਡੈਂਟ ਹੋ ਗਿਆ ਸੀ। ਗਿੱਲ ਸਾਹਿਬ ਨੇ ਅੱਗੇ ਹੋ ਕੇ ਉਸ ਮਿਸ਼ਨ ਨੂੰ ਲੀਡ ਕੀਤਾ ਸੀ ਅਤੇ ਜਾਨਾਂ ਬਚਾਈਆਂ ਸਨ। ਉਸ ਉੱਤੇ ਇਹ ਮੂਵੀ ਬਣੀ ਹੈ।

**ਮਾਨਯੋਗ ਸਪੀਕਰ:** ਠੀਕ ਹੈ ਜੀ। ਤੁਹਾਡਾ ਹੁਣ ਸਮਾਂ ਸ਼ੁਰੂ ਹੁੰਦਾ ਹੈ।

**-------**

# MATTERS RAISED DURING ZERO HOUR AND STATEMENT MADE BY THE MINISTER THEREON (*RESUMPTION)*

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)**: ਸਰ, ਸੁਲਤਾਨਪੁਰ ਲੋਧੀ ਦੇ ਲੋਕਾਂ ਨੇ, ਸਮੂਹ ਸੰਗਤ ਨੇ ਮੈਨੂੰ ਚੁਣ ਕੇ ਇਸ ਸਦਨ ਵਿੱਚ ਭੇਜਿਆ। ਹਰ ਸਿੱਖ ਸਵੇਰੇ ਉੱਠ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਚੇਤੇ ਕਰਦਾ ਹੈ। ਕੋਈ ਆਪਣੇ ਪਰਿਵਾਰ ਦੀ ਸੁੱਖ ਮੰਗਦਾ ਹੈ। ਕੋਈ ਆਪਣੇ ਕੰਮ ਦੀ ਚੜ੍ਹਦੀਕਲਾ ਦੀ ਅਰਦਾਸ ਕਰਦਾ ਹੈ। ਜ਼ਿਮੀਦਾਰ ਆਪਣੀ ਫਸਲ ਵਧੀਆ ਹੋਣ ਦੀ ਅਰਦਾਸ ਕਰਦਾ ਹੈ। ਸਵੇਰੇ ਉੱਠ ਕੇ ਸਿੱਖ ਸੰਗਤ ਜਪੁ ਜੀ ਸਾਹਿਬ ਦਾ ਪਾਠ ਕਰਦੀ ਹੈ। ਜਿਸ ਤੋਂ ਜਪੁ ਜੀ ਸਾਹਿਬ ਦਾ ਪਾਠ ਨਹੀਂ ਹੁੰਦਾ ਤਾਂ ਉਹ ਪੰਜ ਪੌੜੀਆਂ ਦਾ ਪਾਠ ਕਰਦਾ ਹੈ। ਜਿਸ ਤੋਂ ਪੰਜ ਪੌੜੀਆਂ ਦਾ ਪਾਠ ਨਹੀਂ ਹੁੰਦਾ ਤਾਂ ਉਹ ਮੂਲ ਮੰਤ੍ਰ ਦਾ ਜਾਪ ਕਰਦਾ ਹੈ। ਅਖੀਰ ਵਿੱਚ ਆਪਣੇ ਬੱਚਿਆਂ ਨੂੰ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਵਾਇਆ ਜਾਂਦਾ ਹੈ। ਮੂਲ ਮੰਤ੍ਰ ਦੀ ਉਚਾਰਨਾ ਸੁਲਤਾਨਪੁਰ ਲੋਧੀ ਵਿੱਚ ਗੁਰੂ ਨਾਨਕ ਪਾਤਸ਼ਾਹ ਨੇ ਕੀਤੀ। ਪਿਛਲੀ ਸਰਕਾਰ ਪੰਜਾਬ ਸਰਕਾਰ ਨੇ ਅਤੇ ਗੌਰਮਿੰਟ ਆਫ ਇੰਡੀਆ ਨੇ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਉਤਸਵ ਇਕੱਠੇ ਹੋ ਕੇ ਮਨਾਇਆ ਸੀ। ਸਰ, ਸਰਕਾਰਾਂ ਕਦੇ ਨਹੀਂ ਚਾਹੁੰਦੀਆਂ ਕਿ ਜਿਹੜੇ ਸਰਕਾਰ ਦੇ ਪੈਸੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਲਈ ਦਿੱਤੇ ਗਏ ਉਨ੍ਹਾਂ ਦਾ ਕਿਸੇ ਵੱਲੋਂ ਵੀ ਮਿਸਯੂਜ਼ ਹੋਵੇ ਪਰ ਕੁਝ ਅਫਸਰਾਂ ਵੱਲੋਂ ਅਤੇ ਉੱਥੇ ਦੇ ਪਾਲੀਟਿਸ਼ਨਾਂ ਨੇ **** ਇਲਾਕੇ ਦੇ ਲੋਕਾਂ ਨੇ ਦੱਸਿਆ ਕਿ ਇਨ੍ਹਾਂ ਨੇ ਬਾਬੇ ਨਾਨਕ ਦੇ ਪੈਸੇ ਖਾ ਲਏ। ਸੋ, ਮੈਂ ਸਪੀਕਰ ਸਾਹਿਬ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸੀ.ਐਮ. ਸਾਹਿਬ, ਜਿਹੜਾ ਤੁਹਾਡਾ ਮਾਪਣ ਵਾਲਾ ਫੀਤਾ ਹੈ ਉਸ ਰਾਹੀਂ ਸੁਲਤਾਨਪੁਰ ਲੋਧੀ ਵਿੱਚ ਵੀ ਇੱਕ ਕਮੇਟੀ ਬਣਾਈ ਜਾਵੇ ਤਾਂ ਕਿ ਜਿਹੜੇ ਬਾਬੇ ਨਾਨਕ ਦੇ ਫੰਡਜ਼ ਦੇ ਪੈਸੇ ਮਿਸਯੂਜ਼ ਹੋਏ ਹਨ ਉਨ੍ਹਾਂ ਦੀ ਸਹੀ ਜਾਂਚ ਹੋਵੇ। ਇਸ ਤੋਂ ਬਾਅਦ ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਗੌਰਮਿੰਟ ਆਫ ਇੰਡੀਆ ਨੇ ਸੁਲਤਾਨਪੁਰ ਲੋਧੀ ਨੂੰ ਸਮਾਰਟ ਸਿਟੀ ਲਈ 223 ਕਰੋੜ ਰੁਪਏ ਦੇ ਫੰਡਜ਼ ਪ੍ਰੋਵਾਈਡ ਕਰਵਾਏ ਹਨ। ਗੁਰੂ ਸਾਹਿਬ ਦੀ ਨਗਰੀ ਵਿੱਚ ਲੋਕਾਂ ਦੇ ਘਰਾਂ ਵਿੱਚ ਪੀਣ ਵਾਲੇ ਪਾਣੀ ਵਿੱਚ ਸੀਵਰੇਜ ਦਾ ਪਾਣੀ ਮਿਕਸ ਹੋ ਕੇ ਆਉਂਦਾ ਹੈ। ਸੀਵਰੇਜ ਬਦਲਣ ਵਾਲਾ ਹੈ। ਸਟਰੀਟ ਲਾਈਟਾਂ ਵੀ ਨਹੀਂ ਚੱਲਦੀਆਂ। ਇਨ੍ਹਾਂ ਪ੍ਰਾਜੈਕਟਾਂ ਦੇ ਪਿੱਛੇ ਪਏ ਨੂੰ ਮੈਨੂੰ 16 ਮਹੀਨੇ ਹੋ ਗਏ ਹਨ। ਸਪੀਕਰ ਸਾਹਿਬ, ਬਿਊਟੀਫਿਕੇਸ਼ਨ ਦੇ ਪ੍ਰਾਜੈਕਟ ਲਈ ਜਿਹੜੇ ਪੈਸੇ ਭਾਰਤ ਸਰਕਾਰ ਤੋਂ ਆਏ ਹਨ, ਅੱਜ 100 ਕਰੋੜ ਰੁਪਏ ਤੋਂ ਵੱਧ ਪੈਸਾ ਅਨਯੂਟੀਲਾਈਜ਼ ਪਿਆ ਹੈ। ਸੀ.ਐਮ. ਸਾਹਿਬ, ਇਹ ਪੈਸਾ ਜੇਕਰ ਯੂਟੀਲਾਈਜ਼ ਨਾ ਕੀਤਾ ਤਾਂ ਅਗਸਤ ਮਹੀਨੇ ਵਿੱਚ ਭਾਰਤ ਸਰਕਾਰ ਨੂੰ ਵਾਪਿਸ ਚਲਾ ਜਾਣਾ ਹੈ। ਮੈਨੂੰ ਅਫਸਰਾਂ ਕੋਲ ਗੇੜੇ ਮਾਰਦਿਆਂ ਨੂੰ 16 ਮਹੀਨੇ ਹੋ ਚੁੱਕੇ ਹਨ।

**1350/Gurpreet kaur/Shubham jain**

**1355/Rajneet Kaur**

**ਮਾਣਯੋਗ ਸਪੀਕਰ :** ਤੁਹਾਡਾ ਟਾਈਮ ਹੋ ਗਿਆ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ** : ਸਰ, ਲਾਸਟ ਮੈਂ ਇੱਕ ਬੇਨਤੀ ਕਰਨੀ ਹੈ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਾਊਸ ਦੇ ਤਿੰਨ ਜਾਂ ਪੰਜ ਮੈਂਬਰਾਂ ਦੀ ਕਮੇਟੀ ਬਣਾਈ ਜਾਵੇ, ਜਿਹੜੇ

ਕਿ ਉਸ ਪ੍ਰਾਜੈਕਟ ਨੂੰ ਮੌਨੀਟਰ ਕਰਨ ਅਤੇ ਇਹ ਐਨਸ਼ਿਓਰ ਕਰਨ ਕਿ ਇਹ ਪੈਸਾ ਕਿਤੇ ਨਾ ਕਿਤੇ ਲੱਗ ਜਾਵੇ ਅਤੇ ਲੈਪਸ ਨਾ ਹੋਵੇ।

**ਮਾਣਯੋਗ ਸਪੀਕਰ** : ਜਿਹੜਾ ਇਸ ਹਾਊਸ ਦਾ ਮੈਂਬਰ ਨਹੀਂ ਹੈ, ਉਸ ਦਾ ਨਾਮ ਕੱਟ ਦਿੱਤਾ ਜਾਵੇ। ਹਾਂ ਜੀ, ਸਰਦਾਰ ਪਰਗਟ ਸਿੰਘ ਪੋਆਰ ਜੀ।

**ਸਰਦਾਰ ਪਰਗਟ ਸਿੰਘ ਪੋਆਰ ( ਜਲੰਧਰ ਛਾਉਣੀ)** : ਧੰਨਵਾਦ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸੀ.ਐਮ. ਸਾਹਿਬ ਨੂੰ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਨੀਅਤ ਤੇ ਤਾਂ ਮੈਨੂੰ ਸ਼ੱਕ ਨਹੀਂ ਹੈ ਲੇਕਿਨ ਮੈਨੂੰ ਵੀ ਥੋੜ੍ਹਾ ਬਹੁਤ ਪਤਾ ਹੈ ਕਿਉਂਕਿ ਮੈਂ ਵੀ ਪੁਲਿਸ ਦੇ ਵਿੱਚ ਰਿਹਾ ਹਾਂ। SSP Tarn Taran is the one of the outstanding officer. ਮਾਈਨਿੰਗ ਸਬੰਧੀ ਜਿਹੜਾ ਤੁਸੀਂ ਬਹੁਤ ਵੱਡਾ ਕਲੇਮ ਕਰਦੇ ਸੀ। ਤੁਸੀਂ ਕਹਿੰਦੇ ਸੀ ਕਿ ਮਾਈਨਿੰਗ 20 ਹਜ਼ਾਰ ਕਰੋੜ ਰੁਪਿਆ ਪੰਜਾਬ ਨੂੰ ਆ ਜਾਣਾ ਹੈ। ਜੇਕਰ ਕਿਸੇ ਬੰਦੇ ਨੇ ਰੰਗੇ ਹੱਥੀਂ ਫੜਨ ਦੀ ਜੁਰੱਅਤ ਕੀਤੀ ਹੈ ਤਾਂ ਤੁਸੀਂ ਸੀ.ਐਮ. ਸਾਹਿਬ ਇਸ ਗੱਲ ਦਾ ਗੁੱਸਾ ਨਾ ਕਰਿਓ ਕਿਉਂਕਿ ਜਿਹੜੀਆਂ ਵੀ ਸਰਕਾਰਾਂ ਆਉਂਦੀਆਂ ਹਨ, ਉਹ ਪੁਲਿਸ ਨਾਲ ਇਸੇ ਤਰ੍ਹਾਂ ਹੀ ਕਰਦੀਆਂ ਹਨ। ਲੇਕਿਨ ਇਹ ਅਨਫਾਰਚੂਨੇਟ ਹੈ ਕਿ ਆਪਾਂ ਉਸ ਪੁਲਿਸ ਅਫਸਰ ਨੂੰ ਇਕੱਲਾ ਟਰਾਂਸਫਰ ਹੀ ਨਹੀਂ ਕੀਤਾ ਬਲਕਿ ਥੱਲੇ ਤੱਕ ਜਿਹੜਾ paraphernalia ਹੈ, ਉਸ ਨੂੰ ਵੀ ਸਸਪੈਂਡ ਕੀਤਾ ਹੈ। ਮੈਂ ਇੱਕ ਗੱਲ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੈਨੂੰ ਤੁਹਾਡੀ ਨੀਅਤ ਤੇ ਤਾਂ ਸ਼ੱਕ ਨਹੀਂ ਹੈ ਪਰ ਨੀਤੀ ਤੇ ਜ਼ਰੂਰ ਸ਼ੱਕ ਹੁੰਦਾ ਹੈ। ਜੇਕਰ ਇਸ ਸਾਰੇ ਵਿੱਚ ਇੱਕ ਐਮ.ਐਲ.ਏ. ਇਨਵਾਲਵ ਹੋ ਗਿਆ ਤਾਂ ਜਿਵੇਂ ਜਿਹੜੀ ਗੱਲ ਤੁਸੀਂ ਕਹਿੰਦੇ ਸੀ ਨਾ ਉਹ ਗੱਲ ਹੁਣ ਹੈ ਨਹੀਂ ਹੈ। ਜੇਕਰ ਕੋਈ ਚੱਜ ਦਾ ਕੰਮ ਕਰਨ ਵਾਲਾ ਪੁਲਿਸ ਅਫਸਰ ਹੈ ਤਾਂ ਉਨ੍ਹਾਂ ਦਾ ਮਨੋਬਲ ਨਾ ਡੇਗੀਏ।

**ਸਰਦਾਰ ਰਣਬੀਰ ਸਿੰਘ (ਫਿਰੋਜ਼ਪੁਰ ਸ਼ਹਿਰੀ)** : ਮਾਣਯੋਗ ਸਪੀਕਰ ਸਾਹਿਬ, ਜਿਹੜਾ ਪਿਛਲੀ ਸਰਕਾਰ ਦੇ ਵਿੱਚ ਸਾਨੂੰ ਹੜ੍ਹਾਂ ਦੌਰਾਨ ਰਿਲੀਫ ਫੰਡ ਮਿਲਿਆ ਸੀ, ਉਸ ਵਿੱਚ 12 ਹਜ਼ਾਰ ਕਰੋੜ ਰੁਪਏ ਦਾ ਘਪਲਾ ਹੋਇਆ ਹੈ। ਇਸ ਦੇ ਨਾਲ ਹੀ ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਦੋ ਘੁਟਾਲੇ ਮੇਰੇ ਜ਼ਿਲ੍ਹੇ ਵਿੱਚ ਦੋ ਵੱਡੇ ਲੀਡਰਾਂ ਨੇ ਕੀਤੇ ਸੀ, ਇੱਕ ਸਿੰਚਾਈ ਘੁਟਾਲਾ ਹੈ ਅਤੇ ਦੂਜਾ ਜ਼ਿਮੀਂਦਾਰਾਂ ਦਾ ਪੈਸਾ ਆਪਣੇ ਪੀ.ਏ. ਦੇ ਨਾਂ ਤੇ ਚੈੱਕ ਕਢਾਏ ਅਤੇ ਜਿਨ੍ਹਾਂ ਦੇ ਨਾਂ ਤੇ ਜ਼ਮੀਨ ਵੀ ਨਹੀਂ ਸੀ, ਉਨ੍ਹਾਂ ਨੂੰ ਉਹ ਫੰਡ ਮਿਲੇ। ਸੋ, ਮੈਂ ਮੁੱਖ ਮੰਤਰੀ ਸਾਹਿਬ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੀ ਵਿਜੀਲੈਂਸ ਬਿਊਰੋ ਤੋਂ ਕਿਸੇ ਤੋਂ ਵੀ ਜਾਂਚ ਕਰਵਾਈ ਜਾਵੇ ਕਿਉਂਕਿ ਮੇਰੇ ਹਲਕੇ ਦੇ ਲੋਕ ਇਨਸਾਫ ਮੰਗਦੇ ਹਨ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.)** : ਧੰਨਵਾਦ ਸਪੀਕਰ ਸਾਹਿਬ, ਇਹ ਸਾਡਾ ਪੁਰਾਣਾ ਮਸਲਾ ਹੈ, ਜਿਹੜਾ ਕਿ ਮਲੇਰਕੋਟਲਾ ਰਿਆਸਤ ਨਾਲ ਸਬੰਧਤ ਹੈ, ਤਕਰੀਬਨ 75 ਸਾਲ ਹੋ ਗਏ ਹਨ ਸਾਡੇ ਲੋਕ ਹਾਲੇ ਵੀ ਨਹਿਰੀ ਪਾਣੀ ਤੋਂ ਸੱਖਣੇ ਹਨ। ਇਨ੍ਹਾਂ ਵਿੱਚ 30 ਪਿੰਡ ਹਲਕਾ ਮਲੇਰਕੋਟਲਾ ਦੇ ਹਨ, 13 ਪਿੰਡ ਹਲਕਾ ਧੂਰੀ ਦੇ ਹਨ, 13 ਪਿੰਡ ਹਲਕਾ ਅਮਰਗੜ੍ਹ ਦੇ ਹਨ, 20 ਪਿੰਡ ਮੇਰੇ ਹਲਕੇ ਦੇ ਹਨ। ਸਪੀਕਰ ਸਾਹਿਬ, ਇਨ੍ਹਾਂ ਨੂੰ ਅੱਜ ਤੱਕ ਨਹਿਰੀ ਪਾਣੀ ਨਹੀਂ ਮਿਲਿਆ। ਆਜ਼ਾਦੀ ਤੋਂ ਪਹਿਲਾਂ ਨਵਾਬ ਮਲੇਰਕੋਟਲੇ ਨੇ ਅੰਗਰੇਜ਼ ਹਕੂਮਤ ਨੂੰ ਟੈਕਸ ਦੇਣ ਤੋਂ ਮਨ੍ਹਾਂ ਕਰ ਦਿੱਤਾ ਸੀ

ਜਿਸ ਕਰਕੇ ਨਹਿਰੀ ਪਾਣੀ ਅੱਜ ਤੱਕ ਨਹੀਂ ਮਿਲ ਸਕਿਆ। ਜਦੋਂ ਸਾਲ 1965 ਦੇ ਵਿੱਚ ਟਿਊਬਵੈੱਲ ਕਾਰਪੋਰੇਸ਼ਨ ਹੋਂਦ ਵਿੱਚ ਆਈ ਸੀ ਤਾਂ ਪਿੰਡਾਂ ਨੂੰ ਇੱਕ ਇੱਕ ਟਿਊਬਵੈੱਲ ਕੁਨੈਕਸ਼ਨ ਜ਼ਰੂਰ ਮਿਲਿਆ ਸੀ, ਹੁਣ ਪਾਣੀ 500 ਫ਼ੁੱਟ ਤੋਂ ਵੀ ਨੀਚੇ ਚਲਿਆ ਗਿਆ ਹੈ। ਇਨ੍ਹਾਂ ਵਿੱਚੋਂ ਕਾਫੀ ਟਿਊਬਵੈੱਲ ਬੰਦ ਵੀ ਹੋ ਚੁੱਕੇ ਹਨ ਅਤੇ ਹੁਣ ਲੋਕਾਂ ਨੂੰ ਆਸ ਦੀ ਕਿਰਨ ਮਿਲੀ ਹੈ ਕਿਉਂਕਿ ਪਿਛਲੇ ਸਮੇਂ ਦੇ ਦੌਰਾਨ ਮਾਣਯੋਗ ਸੀ.ਐਮ. ਸਾਹਿਬ ਦੇ ਸਦਕਾ ਸਾਡੇ ਹਲਕੇ ਵਿੱਚ ਨਹਿਰੀ ਪਾਣੀ ਦਾ ਕੰਮ ਚੱਲ ਰਿਹਾ ਹੈ ਅਤੇ ਲੋਕਾਂ ਵਿੱਚ ਆਸ ਜਾਗੀ ਹੈ ਕਿ ਮਾਨ ਸਾਹਿਬ ਦੀ ਸਰਕਾਰ ਲੋਕਾਂ ਦੇ ਖੇਤਾਂ ਤੱਕ ਪਾਣੀ ਪਹੁੰਚਾਏਗੀ। ਮੈਂ ਸੀ.ਐਮ. ਸਾਹਿਬ ਨੂੰ ਅਤੇ ਮੇਰੇ ਛੋਟੇ ਵੀਰ ਗੁਰਮੀਤ ਸਿੰਘ ਮੀਤ ਹੇਅਰ ਜੀ ਨੂੰ ਬੇਨਤੀ ਕਰਦਾ ਹਾਂ ਕਿ ਬਠਿੰਡਾ ਬਰਾਂਚ ਨੂੰ ਵੀ ਪੈਸੇ ਜ਼ਰੂਰ ਪਾਏ ਜਾਣ ਕਿਉਂਕਿ ਸਾਰੇ ਲੋਕਾਂ ਤੋਂ ਮਤੇ ਮੇਰੇ ਤੱਕ ਵੀ ਪਹੁੰਚੇ ਹਨ ਅਤੇ ਤੁਹਾਨੂੰ ਵੀ ਮਿਲ ਚੁੱਕੇ ਹਨ। ਸਾਰਿਆਂ ਨੂੰ ਇਹੀ ਆਸ ਹੈ ਕਿ ਅਗਲੇ ਸੀਜ਼ਨ ਦੌਰਾਨ ਸਾਰੇ ਲੋਕਾਂ ਦੇ ਖੇਤਾਂ ਨੂੰ ਨਹਿਰਾਂ ਦਾ ਪਾਣੀ ਲਗਦਾ ਹੋਵੇਗਾ। ਤੁਹਾਡਾ ਬਹੁਤ ਬਹੁਤ ਧੰਨਵਾਦ ਹੋਵੇਗਾ ਜੀ।

**ਡਾਕਟਰ ਨਛੱਤਰ ਪਾਲ ( ਨਵਾਂ ਸ਼ਹਿਰ) :** ਮਾਣਯੋਗ ਸਪੀਕਰ ਸਾਹਿਬ, ਵਿਧਾਨ ਸਭਾ ਹਲਕਾ ਨਵਾਂ ਸ਼ਹਿਰ ਦੇ ਅੰਦਰ ਜਿਹੜਾ ਸਤਲੁਜ ਰਿਵਰ ਲੰਘਦਾ ਹੈ।

**1355/Rajneet Kaur/Shubham jain**

**1400/Kuldeep kaur**

ਹੜ੍ਹਾਂ ਦੇ ਸੀਜ਼ਨ ਦੇ ਦੌਰਾਨ 4 ਪਿੰਡ ਤਿੰਗੜਪੁਰ, ਵੈਰਸਾਲਾ, ਸੈਦਪੁਰ, ਮਿਰਜ਼ਾਪੁਰ, ਉੱਥੋਂ ਲੋਕਲ ਪ੍ਰਸ਼ਾਸਨ ਅਤੇ ਲੋਕਾਂ ਨੇ ਇਕੱਠੇ ਹੋ ਕੇ ਬੜੀ ਮੁਸ਼ਕਲ ਨਾਲ ਬੰਨ੍ਹ ਬਚਾਏ ਹਨ। ਤੁਹਾਡੇ ਮਾਧਿਅਮ ਰਾਹੀਂ ਮੇਰੀ ਬੇਨਤੀ ਹੈ ਕਿ ਉਨ੍ਹਾਂ ਬੰਨ੍ਹਾਂ ਨੂੰ ਪੱਕਾ ਕਰਾਇਆ ਜਾਵੇ ਅਤੇ ਉੱਥੇ ਜਿਹੜੀਆਂ ਠੋਕਰਾਂ ਹਨ, ਉਹ ਲਗਵਾਈਆਂ ਜਾਣ ਔਰ ਜਿਹੜੀ ਫਸਲ ਦਾ ਨੁਕਸਾਨ ਹੋਇਆ ਹੈ, ਅਜੇ ਤੱਕ ਉਸ ਦਾ ਕੋਈ ਮੁਆਵਜ਼ਾ ਨਹੀਂ ਮਿਲਿਆ ਹੈ। ਜਿਹੜੇ ਉੱਥੇ ਪਿੰਡ ਦੇ ਲੋਕਾਂ ਨੇ ਕੰਮ ਕੀਤਾ ਸੀ, ਉਨ੍ਹਾਂ ਨੂੰ ਵੀ ਅਜੇ ਤੱਕ ਪੈਸੇ ਨਹੀਂ ਦਿੱਤੇ ਹਨ, ਉਹ ਪੈਸੇ ਵੀ ਮੰਗਵਾਏ ਜਾਣ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ):** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਚੀਫ ਮਨਿਸਟਰ ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਦੋ ਸਾਲ ਤੋਂ ਪੰਜਾਬ ਦਾ ਕੋਈ ਵੀ ਪੀ.ਪੀ.ਐਸ, ਅਫਸਰ, ਆਈ.ਪੀ.ਐਸ. ਨਹੀਂ ਹੋਇਆ। 20 ਪੋਸਟਾਂ ਖਾਲੀ ਪਈਆਂ ਹਨ। ਆਉਣ ਵਾਲੇ ਸਮੇਂ ਦੇ ਵਿੱਚ ਬਦਕਿਸਮਤੀ ਹੋਵੇਗੀ ਕਿ ਪੰਜਾਬ ਦਾ ਕੋਈ ਵੀ ਅਫਸਰ ਕਿਸੇ ਜ਼ਿਲ੍ਹੇ ਵਿੱਚ ਐਸ.ਐਸ.ਪੀ. ਨਹੀਂ ਲੱਗ ਸਕੇਗਾ। ਸਰ, ਸਰਕਾਰ ਇਸ ਪਾਸੇ

ਧਿਆਨ ਦੇਵੇ। 36 ਨਾਂ ਗਏ ਹੋਏ ਹਨ ਜੋ ਕਿ ਕਿਸੇ ਵਜ੍ਹਾ ਕਰਕੇ ਰੋਕੇ ਹੋਏ ਹਨ। ਸਰਕਾਰ ਇਸ ਗੱਲ ਨੂੰ ਸੀਰੀਅਸਲੀ ਲਵੇ। ਦੂਜਾ ਸਪੀਕਰ ਸਾਹਿਬ, ਮੇਰੀ ਸੋਚ ਮੁਤਾਬਕ ਪਿਛਲੇ ਸਮੇਂ ਸਾਡੀ ਸਰਕਾਰ ਵੇਲੇ ਇਕ ਫੈਸਲਾ ਗਲਤ ਹੋ ਗਿਆ। ਇੰਸਪੈਕਟਰਾਂ ਦੀ ਭਰਤੀ ਪੰਜਾਬ ਵਿੱਚ ਬੰਦ ਹੋ ਗਈ। ਇੰਸਪੈਕਟਰ ਤਰੱਕੀ ਲੈ ਕੇ ਆਈ.ਜੀ, ਡੀ.ਆਈ.ਜੀ. ਤੱਕ ਚਲਾ ਜਾਂਦਾ ਸੀ। ਕਿਸੇ ਡੂੰਘੀ ਸੋਚ ਨੇ ਉਹ ਇੰਸਪੈਕਟਰਾਂ ਦੀ ਭਰਤੀ ਬੰਦ ਕਰ ਦਿੱਤੀ ਅਤੇ ਸਬ ਇੰਸਪੈਕਟਰ ਭਰਤੀ ਕਰਨੇ ਸ਼ੁਰੂ ਕਰ ਦਿੱਤੇ। ਸਬ ਇੰਸਪੈਕਟਰ ਹੁਣ ਐਸ.ਪੀ. ਤੱਕ ਹੀ ਤਰੱਕੀ ਪ੍ਰਾਪਤ ਕਰ ਸਕੇਗਾ। ਆਉਂਦੇ 10-15 ਸਾਲਾਂ ਤੱਕ ਪੰਜਾਬ ਦਾ ਕੋਈ ਮੁੰਡਾ ਵੀ ਕੋਈ ਡੀ.ਆਈ.ਜੀ., ਆਈ.ਜੀ. ਨਹੀਂ ਹੋਵੇਗਾ। ਮੈਂ ਮਾਨ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਗੱਲ ਤੇ ਵਿਚਾਰ ਕੀਤਾ ਜਾਵੇ। ਮੇਰੀ ਰਿਕੁਐਸਟ ਹੈ ਕਿ ਇੰਸਪੈਕਟਰਾਂ ਦੀ ਪੋਸਟ ਮੁੜ ਤੋਂ ਕਰੀਏਟ ਕੀਤੀ ਜਾਵੇ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਸਪੀਕਰ ਸਾਹਿਬ, ਇਸ ਵਿੱਚ ਕੋਈ ਸ਼ੱਕ ਨਹੀਂ, ਕੋਈ ਦੋ-ਰਾਵਾਂ ਨਹੀਂ ਹਨ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ, ਮਾਨਯੋਗ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਸਿਹਤ ਸੇਵਾਵਾਂ ਨੂੰ ਲੈ ਕੇ ਬਹੁਤ ਵਧੀਆ ਕੰਮ ਹੋ ਰਿਹਾ ਹੈ। ਆਮ ਆਦਮੀ ਕਲੀਨਿਕ ਬਣ ਰਹੇ ਹਨ। ਪਟਿਆਲਾ ਦੇ ਵਿੱਚ ਵੀ ਬੜਾ ਸ਼ਾਨਦਾਰ ਹਸਪਤਾਲ ਬਣਿਆ ਹੈ। ਸਪੀਕਰ ਸਾਹਿਬ, ਜਿਹੜਾ ਸਾਡਾ ਮੋਗੇ ਦਾ ਏਰੀਆ ਹੈ, ਇੱਥੇ ਕੋਈ ਵੱਡਾ ਹਸਪਤਾਲ ਨਹੀਂ ਹੈ। ਇਸ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ ਕਿਉਂਕਿ ਜੇਕਰ ਕੋਈ ਵੱਡਾ ਹਾਦਸਾ ਵਾਪਰ ਜਾਂਦਾ ਹੈ ਜਾਂ ਕੋਈ ਐਮਰਜੈਂਸੀ ਹੋ ਜਾਵੇ ਤਾਂ ਸੰਗਰੂਰ, ਪਟਿਆਲਾ, ਬਠਿੰਡਾ, ਪਟਿਆਲਾ ਅਤੇ ਲੁਧਿਆਣਾ ਜਾਣ ਲਈ ਦੋ ਘੰਟੇ ਦਾ ਸਫਰ ਪੈਂਦਾ ਹੈ। ਅਸੀਂ ਚਾਰੇ ਵਿਧਾਇਕ ਚਾਹੁੰਦੇ ਹਾਂ ਕਿ ਸਾਡੇ ਮੋਗਾ ਦੇ ਵਿੱਚ ਵੀ ਜਿਵੇਂ ਕਿ ਪਟਿਆਲਾ ਵਿੱਚ ਇੱਕ ਸ਼ਾਨਦਾਰ ਹਸਪਤਾਲ ਬਣਾਇਆ ਗਿਆ ਹੈ, ਉਸੇ ਤਰ੍ਹਾ ਹੀ ਮੋਗਾ ਵਿੱਚ ਵੀ ਹਸਪਤਾਲ ਬਣਾਇਆ ਜਾਵੇ। ਮੋਗਾ ਸੈਂਟਰ ਹੈ। ਸਾਰੀਆਂ ਰਾਜਨੀਤਿਕ ਪਾਰਟੀਆਂ ਮੋਗੇ ਦੇ ਆਲੇ-ਦੁਆਲੇ ਚਾਹੇ ਕਿਲੀ ਚਾਹਲਾਂ, ਚਾਹੇ ਬਾਘਾ ਪੁਰਾਣਾ ਹੈ, ਅਸੀਂ ਵੀ ਰੈਲੀ ਕੀਤੀ ਸੀ। ਅਸੀਂ ਸਾਰੇ ਰੈਲੀਆਂ ਵੀ ਉੱਥੇ ਕਰਦੇ ਹਾਂ ਕਿਉਂਕਿ ਮੋਗਾ ਸੈਂਟਰ ਹੈ। ਇਸ ਲਈ ਮੋਗਾ ਦੇ ਵਿੱਚ ਵਧੀਆ ਸ਼ਾਨਦਾਰ ਹਸਪਤਾਲ ਬਣ ਜਾਵੇ ਤਾਂ ਆਲੇ-ਦੁਆਲੇ ਦੇ ਲੋਕਾਂ ਨੂੰ ਸੌਖਾ ਹੋ ਜਾਵੇਗਾ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾਬੱਸੀ):** ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਮੈਂ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਮੈਂ ਪਿਛਲੇ ਵਿਧਾਨ ਸਭਾ ਦੇ ਸੈਸ਼ਨ ਦੇ ਦੌਰਾਨ ਬੇਨਤੀ ਕੀਤੀ ਸੀ ਕਿ ਸਭ ਤੋਂ ਪਹਿਲਾਂ ਸਾਡੇ ਲਈ ਪੀਣ ਵਾਲਾ ਪਾਣੀ ਜ਼ਰੂਰੀ ਹੈ। ਜਿਹੜਾ ਮੇਰਾ ਡੇਰਾਬੱਸੀ ਹਲਕਾ ਹੈ, ਇਹ ਪੁਆਧ ਦਾ ਸਭ ਤੋਂ ਪਛੜਿਆ ਹਲਕਾ ਸੀ। ਇਸ ਦੇ ਅੰਦਰ ਚਾਰ ਸ਼ਹਿਰ ਪੈਂਦੇ ਹਨ। ਜ਼ੀਰਕਪੁਰ, ਡੇਰਾਬੱਸੀ, ਲਾਲੜੂ ਤੇ ਹੰਡੇਸਰਾ, ਇਨ੍ਹਾਂ ਵਿੱਚ ਨਾ ਤਾਂ ਪੀਣ ਜੋਗਾ ਪਾਣੀ ਰਿਹਾ ਹੈ, ਨਾ ਹੀ ਸਿੰਚਾਈ ਜੋਗਾ ਪਾਣੀ ਰਿਹਾ ਹੈ। ਜੇਕਰ ਅੱਜ ਟਿਊਬਵੈੱਲ ਲਗਾਉਣਾ ਪੈਂਦਾ ਹੈ ਤਾਂ 1000 ਤੋਂ 1300 ਫੁੱਟ ਤੇ ਪੀਣ ਵਾਲਾ ਪਾਣੀ ਆਉਂਦਾ ਹੈ। ਮੇਰੀ ਸੀ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਜਿਹੜਾ ਪੁਆਧ ਦਾ ਸਭ ਤੋਂ ਪਛੜਿਆ ਇਲਾਕਾ ਡੇਰਾਬੱਸੀ ਦਾ ਇਲਾਕਾ ਹੈ। ਇਸ ਨੂੰ ਨਹਿਰੀ ਪਾਣੀ ਜ਼ਰੂਰ ਮੁਹੱਈਆ ਕਰਵਾਇਆ ਜਾਵੇ ਕਿਉਂਕਿ ਸਾਰਾ ਪੰਜਾਬ ਨਹਿਰੀ ਪਾਣੀ ਦਾ ਆਨੰਦ ਲੈਂਦਾ ਹੈ ਪਰ ਮੇਰੇ ਹਲਕੇ ਵਾਸਤੇ ਕਿਸੇ ਪਿਛਲੀ ਸਰਕਾਰ ਨੇ ਨਹੀਂ ਸੋਚਿਆ। ਇਸ ਵੱਲ ਜ਼ਰੂਰ ਧਿਆਨ ਦਿੱਤਾ ਜਾਵੇ।

**ਸ੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੇਰੇ ਹਲਕੇ ਦੀਨਾਨਗਰ ਦੇ ਵਿੱਚ ਗੈਰ-ਕਾਨੂੰਨੀ ਢੰਗ ਦੇ ਨਾਲ ਗੁੰਡਾ ਪਰਚੀਆਂ ਕੱਟੀਆਂ ਜਾ ਰਹੀਆਂ ਹਨ। ਇਹ ਮੁੱਦਾ ਮੈਂ ਪਿਛਲੇ ਸੈਸ਼ਨ ਦੇ ਦੌਰਾਨ ਵੀ ਚੁੱਕਿਆ ਸੀ ਲੇਕਿਨ ਫਿਰ ਵੀ ਦਿਨ-ਬ-ਦਿਨ ਕੰਮ ਬੰਦ ਰਿਹਾ ਹੈ। ਉਦੋਂ ਬਲਜੀਤ ਸਿੰਘ ਡੀ.ਐਸ.ਪੀ., ਗੁਰਦਾਸਪੁਰ ਨੂੰ ਇਹ ਇਨਕੁਆਇਰੀ ਮਾਰਕ ਹੋਈ ਸੀ। ਲੇਕਿਨ ਚਾਰ ਮਹੀਨੇ ਹੋ ਗਏ ਹਨ ਉਸ ਤੇ ਕੋਈ ਵੀ ਕਾਰਵਾਈ ਨਹੀਂ ਹੋਈ ਹੈ। ਇਹ ਮੁੱਦਾ ਦਿਨ-ਬ-ਦਿਨ ਵੱਧ ਰਿਹਾ ਹੈ। ਇਸ ਲਈ ਮੈਂ ਤੁਹਾਨੂੰ ਦੁਬਾਰਾ ਇਹ ਕਹਿਣਾ ਚਾਹੁੰਦੀ ਹਾਂ ਕਿ ਇਸ ਵੱਲ ਧਿਆਨ ਦਿੱਤਾ ਜਾਵੇ। ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਪਿਛਲੇ 5 ਦਿਨ ਪਹਿਲਾਂ ਉੱਥੇ ਮਾਰ ਕੁਟਾਈ ਹੋਈ ਕਿਉਂਕਿ ਮੇਰੇ ਹਲਕੇ ਵਿੱਚ ਪਨਿਆੜ ਸ਼ੂਗਰ ਮਿੱਲ ਗੁਰਦਾਸਪੁਰ ਦੀ ਹੈ ਉਹ ਮੇਰੇ ਹਲਕੇ ਵਿੱਚ ਪੈਂਦੀ ਹੈ। ਉੱਥੇ ਜ਼ਬਰਦਸਤੀ ਉਨ੍ਹਾਂ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਤੁਸੀਂ ਗੁੰਡਾ ਪਰਚੀ ਕਟਵਾਓ। ਉੱਥੇ 6 ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਇਸੇ ਮਹੀਨੇ ਦੀ 15 ਤਰੀਕ ਨੂੰ 186 ਨੰਬਰ ਐਫ.ਆਈ.ਆਰ. ਦਰਜ ਹੋਈ ਹੈ। ਸੋ, ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਪਿਛਲੀ ਸਰਕਾਰ ਵੇਲੇ ਟਰੱਕ ਯੂਨੀਅਨਾਂ ਨੂੰ ਭੰਗ ਕੀਤਾ ਗਿਆ ਸੀ। ਹੁਣ ਨਜਾਇਜ਼ ਤਰੀਕੇ ਦੇ ਨਾਲ ਇਹ ਗੁੰਡਾ ਪਰਚੀਆਂ ਲੋਕਾਂ ਨੂੰ ਮਜਬੂਰ ਕਰਕੇ ਕੱਟੀਆਂ ਜਾ ਰਹੀਆਂ ਹਨ। ਸੋ, ਇਸ ਬਾਰੇ ਮੈਂ ਡੀ.ਜੀ.ਪੀ., ਆਈ.ਜੀ., ਬਾਰਡਰ ਰੇਂਜ ਔਰ ਐਸ.ਐਸ.ਪੀ. ਨੂੰ ਵੀ ਜਾਣੂ ਕਰਵਾਇਆ ਹੈ। ਮਿਹਰਬਾਨੀ ਕਰਕੇ ਇਸ ਦਾ ਹੱਲ ਜਲਦੀ ਤੋਂ ਜਲਦੀ ਕਰਵਾਇਆ ਜਾਵੇ। ਜੇ ਤਾਂ ਇਹ ਲੀਗਲ ਹੈ ਤਾਂ ਸਾਨੂੰ ਕੋਈ ਦਿੱਕਤ ਨਹੀਂ ਹੈ।

**1400/Kuldeep kaur/Abhishek gautam**

**1405/Pawan sharma**

**ਮਾਣਯੋਗ ਸਪੀਕਰ:** ਥੈਂਕ ਯੂ, ਥੈਂਕ ਯੂ। ਧਿਆਨ ਦਿਵਾਊ ਨੋਟਿਸ। ਸ੍ਰੀ ਨਰੇਸ਼ ਪੁਰੀ ਜੀ।

(ਇਸ ਸਮੇਂ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਰਦਾਰ ਹਰਦੇਵ ਸਿੰਘ ਲਾਡੀ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਆਪਣੀ-ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਇਹ ਵੀ ਤੁਹਾਡੇ ਹੀ ਹਨ ਜਾਂ ਕਿਸੇ ਹੋਰ ਦੇ ਹਨ। ਸ੍ਰੀ ਨਰੇਸ਼ ਪੁਰੀ ਜੀ, ਅਸੀਂ ਧਿਆਨ ਦਿਵਾਊ ਨੋਟਿਸ ਪੜ੍ਹ ਲਈਏ। Let him speak.

**ਸ੍ਰੀ ਨਰੇਸ਼ ਪੁਰੀ:** ਮਿਹਰਬਾਨੀ ਸਪੀਕਰ ਸਾਹਿਬ। ਸਪੀਕਰ ਸਾਹਿਬ, ਬੁਰਾ ਨਾ ਮੰਨਣਾ ਜਿਸ ਤਰ੍ਹਾਂ ਇਹ ਜ਼ੀਰੋ ਆਵਰ ਦੀ ਗੱਲ ਕਰ ਰਹੇ ਹਨ, ਮੈਂ ਵੀ ਜ਼ੀਰੋ ਆਵਰ ਵਿੱਚ ਚਾਰ ਪੰਜ ਵਾਰੀ ਹੱਥ ਚੁੱਕਿਆ ਸੀ, ਪਿਛਲੇ ਸਵਾਲ ਰੀਪੀਟ ਕਰਨੇ ਚੰਗੇ ਨਹੀਂ ਲਗਦੇ ਔਰ ਜਿਹੜਾ ਧਿਆਨ ਦਿਵਾਊ ਨੋਟਿਸ ਵਿੱਚ ਮੇਰਾ ਕੁਐਸ਼ਚਨ ਆਇਆ ਹੈ, ਉਹ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ।

-------

# CALLING ATTENTION NOTICES UNDER RULE 66

**(ਕ੍ਰਮ ਨੰਬਰ 76)**

**ਸ੍ਰੀ ਨਰੇਸ਼ ਪੁਰੀ:-** ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਸੁਜਾਨਪੁਰ ਵਿੱਚ ਪੁੱਡਾ ਅਤੇ ਸਿੰਚਾਈ ਵਿਭਾਗ ਦੀ ਬਹੁਤ ਜ਼ਿਆਦਾ ਜ਼ਮੀਨ ਖਾਲੀ ਪਈ ਹੈ, ਇਸ ਜ਼ਮੀਨ ਤੇ ਲੋਕਾਂ ਵੱਲੋਂ ਨਜਾਇਜ਼ ਕਬਜ਼ੇ ਹੋ ਰਹੇ ਹਨ ਅਤੇ ਲੋਕੀ ਧੱਕੇ ਨਾਲ ਉਸ ਦੇ ਵਿੱਚੋਂ ਰਸਤੇ ਕੱਢ ਰਹੇ ਹਨ, ਜਿਸ ਕਰਕੇ ਸਰਕਾਰ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਰਿਹਾ ਹੈ। ਇਸ ਜ਼ਮੀਨ ਦੀ ਸਰਕਾਰ ਵੱਲੋਂ ਦੇਖਭਾਲ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਇਹ ਬੇਸ਼ਕੀਮਤੀ ਜ਼ਮੀਨਾਂ ਹਨ। ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਜੇਕਰ ਕੋਈ ਗਲਤ ਗੱਲ ਹੋ ਜਾਵੇ, ਸੀ.ਐਮ. ਸਾਹਿਬ ਬੈਠੇ ਹਨ। ਕਿਉਂਕਿ ਜਿਹੜੇ ਲੋਕ ਪਹਿਲੇ ਰਸਤੇ ਕੱਢਦੇ ਸਨ, ਉਹ ਕਾਂਗਰਸ ਪਾਰਟੀ ਨਾਲ ਜੁੜੇ ਸੀ, ਉਨ੍ਹਾਂ ਨੇ ਆਪਣੇ ਮਕਸਦ ਹੱਲ ਕਰਨੇ ਸੀ, ਉਹ ਕਾਂਗਰਸ ਪਾਰਟੀ ਨਾਲ ਜੁੜ ਗਏ।

**ਮਾਣਯੋਗ ਸਪੀਕਰ:** ਜੋ ਸਵਾਲ ਤੁਹਾਡੇ ਨੋਟਿਸ ਵਿੱਚ ਲਿਖਿਆ ਹੈ, ਕਾਈਂਡਲੀ ਉਹ ਹੀ ਪੜ੍ਹਨਾ ਹੈ।

**ਸ੍ਰੀ ਨਰੇਸ਼ ਪੁਰੀ:** ਠੀਕ ਹੈ ਸਰ। ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਜ਼ਮੀਨਾਂ ਤੇ ਕਬਜ਼ੇ ਹੋ ਰਹੇ ਹਨ, ਦੋਨੋਂ ਮਨਿਸਟਰੀ ਨਾਲ ਸਬੰਧਿਤ ਮੰਤਰੀ ਸਾਹਿਬ ਇਸ ਵੱਲ ਧਿਆਨ ਕਰਨ ਅਤੇ ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ। ਬਹੁਙ ਬਹੁਙ ਧੰਨਵਾਦ।

**ਜਲ ਸਰੋਤ ਮੰਤਰੀ (ਸ੍ਰੀ ਗੁਰਮੀਤ ਸਿੰਘ ਮੀਤ ਹੇਅਰ)**: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸੁਜਾਨਪੁਰ ਵਿਖੇ 66.19 ਏਕੜ ਜ਼ਮੀਨ, ਜਿਹੜੀ ਯੂ.ਬੀ.ਡੀ.ਸੀ. ਨਾਲ ਲਗਦੀ ਹੈ, Empowered Committee ਦੀ 13ਵੀਂ ਮੀਟਿੰਗ ਹੋਈ ਸੀ, ਉਸ ਵਿੱਚ ਇਹ ਜ਼ਮੀਨ ਪੁੱਡਾ ਨੂੰ ਟਰਾਂਸਫਰ ਕਰ ਦਿੱਤੀ ਸੀ ਅਤੇ ਉਸ ਦੇ ਵਿੱਚੋਂ 59.6 ਏਕੜ ਜ਼ਮੀਨ ਦਾ ਇੰਤਕਾਲ ਵੀ ਹੋ ਚੁੱਕਿਆ ਹੈ। ਉੱਥੇ ਜਿਹੜਾ ਪ੍ਰਾਜੈਕਟ ਬਣਾਇਆ ਸੀ, ਉਸ ਕਰਕੇ ਉਸਾਰੀ ਹੋਣੀ ਸੀ, ਜਿਸ ਲਈ ਫਾਰੈਸਟ ਡਿਪਾਰਟਮੈਂਟ ਤੋਂ ਪਰਮਿਸ਼ਨ ਚਾਹੀਦੀ ਸੀ ਪਰ ਉਹ ਪਰਮਿਸ਼ਨ ਦਾ ਪ੍ਰਾਸੈੱਸ ਚਲ ਰਿਹਾ ਹੈ। ਇਸ ਤੋਂ ਇਲਾਵਾ ਜਿੰਨੇ ਵੀ ਪੂਰੇ ਪੰਜਾਬ ਵਿੱਚ ਨਹਿਰੀ ਵਿਭਾਗ ਨਾਲ ਸਬੰਧਿਤ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਜਾਂ ਉਸਾਰੀ ਹੋਈ ਹੈ, ਉਨ੍ਹਾਂ ਸਬੰਧੀ ਸਾਡਾ ਵਿਭਾਗ ਘੋਖ ਕਰ ਰਿਹਾ ਹੈ ਅਤੇ ਇਨ੍ਹਾਂ ਦੇ ਏਰੀਏ ਵਿੱਚ ਜਿਹੜੇ 179 ਕੇਸ ਐਸ.ਡੀ.ਐਮ. ਸਾਹਿਬ ਕੋਲ ਪਹਿਲਾਂ ਚਲਦੇ ਸਨ, ਅਸੀਂ ਪੀ.ਪੀ ਐਕਟ ਅਧੀਨ ਪਾਵਰਾਂ ਟਰਾਂਸਫਰ ਕਰਵਾ ਕੇ ਕਨਾਲ ਵਿਭਾਗ ਦੇ ਐਕਸਈਐਨਜ਼ ਨੂੰ ਦੇ ਦਿੱਤੀਆਂ ਹਨ, ਤਾਂ ਕਿ ਇਨ੍ਹਾਂ ਕੇਸਾਂ ਦਾ ਜਲਦੀ ਫੈਸਲਾ ਕੀਤਾ ਜਾ ਸਕੇ, ਉਸ ਸਬੰਧੀ ਵੀ ਕਾਰਵਾਈ

ਚਲ ਰਹੀ ਹੈ। ਮੈਨੂੰ ਉਮੀਦ ਹੈ ਕਿ ਜਲਦੀ ਹੀ ਜੰਗਲਾਤ ਵਿਭਾਗ ਤੋਂ permission ਮਿਲ ਜਾਵੇਗੀ ਅਤੇ ਜਿਹੜਾ ਪੁੱਡਾ ਨੇ ਪਾਲਿਸੀ ਮੁਤਾਬਿਕ ਪ੍ਰਾਜੈਕਟ ਤਿਆਰ ਕਰਨਾ ਹੈ, ਉਸ ਦੀ ਉਸਾਰੀ ਸ਼ੁਰੂ ਹੋ ਜਾਵੇਗੀ।

**ਮਾਣਯੋਗ ਸਪੀਕਰ:** ਥੈਂਕ ਯੂ, ਥੈਂਕ ਯੂ। ਸ਼੍ਰੀ ਬਲਕਾਰ ਸਿੰਘ ਸਿੱਧੂ।

-------

**(ਕ੍ਰਮ ਨੰਬਰ 83)**

**ਸ਼੍ਰੀ ਬਲਕਾਰ ਸਿੰਘ ਸਿੱਧੂ:-** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਸੂਬੇ ਵਿੱਚ ਬਣੇ ਟੈਕਸੀ ਸਟੈਂਡਾਂ, ਰਿਕਸ਼ਾ ਸਟੈਂਡ, ਆਟੋ ਸਟੈਂਡ ਅਤੇ ਬਜ਼ਾਰਾਂ ਵਿੱਚ ਕੋਈ ਵੀ ਪਬਲਿਕ ਟਾਇਲਟ ਉਪਲਬਧ ਨਹੀਂ ਹਨ। ਜਿਸ ਕਾਰਨ ਲੋਕਾਂ ਨੂੰ ਜਿਨ੍ਹਾਂ ਵਿੱਚ ਸਵਾਰੀਆਂ, ਡਰਾਈਵਰ ਅਤੇ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਜੋ ਪਬਲਿਕ ਟਾਇਲਟ ਬਣੇ ਹੋਏ ਹਨ, ਉਨ੍ਹਾਂ ਦੀ ਹਾਲਤ ਵੀ ਬਹੁਤ ਖਸਤਾ ਹੋ ਚੁੱਕੀ ਹੈ। ਮੇਰੀ ਆਪ ਜੀ ਨੂੰ ਬੇਨਤੀ ਹੈ ਕਿ ਲੋਕਾਂ ਦੀ ਇਸ ਭਾਰੀ ਸਮੱਸਿਆ ਨੂੰ ਵੇਖਦੇ ਹੋਏ ਨਵੇਂ ਟਾਇਲਟਾਂ ਦਾ ਪ੍ਰਬੰਧ ਕੀਤਾ ਜਾਵੇ ਜੀ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦਾ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ। ਧੰਨਵਾਦ।

**ਮਾਣਯੋਗ ਸਪੀਕਰ**: ਸਰਦਾਰ ਬਲਕਾਰ ਸਿੰਘ, ਸਥਾਨਕ ਸਰਕਾਰਾਂ ਮੰਤਰੀ ਜਵਾਬ ਦੇਣਗੇ।

**1405/Pawan sharma/Abhishek gautam**

**1410/Beant kaur Harjinder Singh Tiwana**

**ਸਥਾਨਕ ਸਰਕਾਰਾਂ ਮੰਤਰੀ (ਸਰਦਾਰ ਬਲਕਾਰ ਸਿੰਘ) :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਜ਼ਰੀਏ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਵਲੋਂ ਸਵੱਛ ਭਾਰਤ ਮਿਸ਼ਨ ਤਹਿਤ ਪੰਜਾਬ ਦੀਆਂ ਸਮੂਹਿਕ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ 11522 ਪਬਲਿਕ ਟਾਇਲਟ ਬਣਾਈਆਂ ਗਈਆਂ ਹਨ, ਜਿਨ੍ਹਾਂ ਤੇ 32 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਇਹ ਪਬਲਿਕ ਟਾਇਲਟਸ ਪਬਲਿਕ ਲਈ ਜਨਤਕ ਥਾਵਾਂ ਤੇ ਜਿਵੇਂ ਕਿ ਬੱਸ ਸਟੈਂਡ, ਟੈਕਸੀ ਸਟੈਂਡ, ਆਟੋ ਸਟੈਂਡ ਦੇ ਨੇੜੇ ਤੇੜੇ ਅਤੇ ਬਾਹਰਲੇ ਬਜ਼ਾਰਾਂ ਵਿੱਚ ਬਣਾਏ ਗਏ ਹਨ। ਭਵਿੱਖ ਵਿੱਚ ਸਮੂਹ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਜਨਤਕ ਥਾਵਾਂ ਤੇ 2100 ਪਬਲਿਕ ਟਾਇਲਟਸ, ਬਲਾਕਾਂ ਵਿੱਚ 3380 ਟਾਇਲਟ ਸੀਟਾਂ ਅਤੇ 1308 ਯੂਰੀਨਲਜ਼ ਦੀ ਉਸਾਰੀ ਲਈ 74 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ ਹੈ।

ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਮੂਹ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਤੋਂ ਇਲਾਵਾ ਮਾਨਯੋਗ ਸੀਐਮ ਸਾਹਿਬ ਦੀਆਂ ਹਦਾਇਤਾਂ ਮੁਤਾਬਿਕ ਸਵੱਛ ਭਾਰਤ ਮਿਸ਼ਨ ਦੇ ਤਹਿਤ ਕੋਈ ਹੋਰ ਮੈਂਬਰ ਸਾਹਿਬਾਨ ਕਿਸੇ ਵੀ ਸ਼ਹਿਰ ਵਿੱਚ ਜ਼ਰੂਰਤ ਹੋਵੇ ਤਾਂ ਇਹ ਲਗਵਾ ਸਕਦਾ ਹੈ। ਧੰਨਵਾਦ।

**ਮਾਣਯੋਗ ਸਪੀਕਰ** : ਅਗਲੀ ਕਾਲ ਅਟੈਂਸ਼ਨ, ਸਰਦਾਰ ਗੁਰਦਿੱਤ ਸਿੰਘ ਸੇਖੋਂ ਸਾਹਿਬ।

**ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ** : ਸਪੀਕਰ ਸਾਹਿਬ, ਇਕ ਅਹਿਮ ਮਸਲਾ ਹੈ ਜੀ।

**ਮਾਣਯੋਗ ਸਪੀਕਰ** : ਤੁਸੀਂ ਹਮੇਸ਼ਾ ਅਹਿਮ ਮਸਲੇ ਤੇ ਬੋਲਦੇ ਹੋ ਅਤੇ ਮੈਕਸੀਮਮ ਟਾਈਮ ਲੈਂਦੇ ਹੋ। ਕੋਈ ਗੱਲ ਨਹੀਂ ਜੀ। ਥੈਂਕ ਯੂ।

**ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ** : ਸਪੀਕਰ ਸਾਹਿਬ, ਅਹਿਮ ਮਸਲਾ ਹੈ ਜੀ।

**-------**

**(ਕ੍ਰਮ ਨੰ: 99)**

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਫਰੀਦਕੋਟ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਅੰਮ੍ਰਿਤ ਫਾਰਮੇਸੀ ਵਲੋਂ ਦਵਾਈਆਂ ਵੇਚੀਆਂ ਜਾ ਰਹੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਦਾਖਲ ਮਰੀਜ਼ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਇਸ ਫਾਰਮੇਸੀ ਦੀਆਂ ਦਵਾਈਆਂ ਵਿੱਚ ਹੋ ਰਹੇ ਘਪਲਿਆਂ ਦੀ ਸ਼ਿਕਾਇਤ ਕਰਦੇ ਹਨ। ਲੋਕਾਂ ਵਲੋਂ ਮੈਨੂੰ ਇਹ ਸ਼ਿਕਾਇਤਾਂ ਜ਼ੁਬਾਨੀ ਤੌਰ ਤੇ ਕੀਤੀਆਂ ਜਾ ਰਹੀਆਂ ਹਨ। ਮੈਨੂੰ ਵੀ ਇਹ ਲਗਦਾ ਹੈ ਕਿ ਅੰਮ੍ਰਿਤ ਫਾਰਮੇਸੀ ਦੀ ਜਾਂਚ ਹੋਣੀ ਜ਼ਰੂਰੀ ਹੈ। ਇਸ ਲਈ ਇਸ ਅੰਮ੍ਰਿਤ ਫਾਰਮੇਸੀ ਦੀ ਜਾਂਚ ਕਿਸੇ ਵੀ ਜਾਂਚ ਏਜੰਸੀ ਤੋਂ ਕਰਵਾ ਲਈ ਜਾਵੇ ਜੀ ਤਾਂ ਜੋ ਅੰਮ੍ਰਿਤ ਫਾਰਮੇਸੀ ਵਲੋਂ ਕੀਤੀ ਜਾਂਦੀ ਲੁੱਟ ਨੂੰ ਰੋਕਿਆ ਜਾ ਸਕੇ ਜੀ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਸਪੀਕਰ ਸਾਹਿਬ, ਇਸ ਫਾਰਮੇਸੀ ਤੋਂ ਹੀ ਸਾਰੇ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਦਵਾਈ ਸਪਲਾਈ ਹੁੰਦੀ ਹੈ ਪਰ ਉਹ ਦਵਾਈ 4-5 ਗੁਣਾਂ ਵੱਧ ਰੇਟਾਂ ਤੇ ਦਿੰਦੇ ਹਨ। ਇਸ ਤੋਂ ਇਲਾਵਾ ਆਯੂਸ਼ਮਾਨ ਕਾਰਡ, ਜਿਸ ਨੂੰ ਆਮ ਪਿੰਡਾਂ ਵਾਲੇ 5 ਲੱਖ ਵਾਲਾ ਕਾਰਡ ਕਹਿੰਦੇ ਹਨ, ਜਿਹੜੇ ਉਸ ਕਾਰਡ ਵਾਲੇ ਪੇਸ਼ੈਂਟ ਜਾਂਦੇ ਹਨ, ਉਨ੍ਹਾਂ ਨੂੰ ਵੀ ਪੂਰੀਆਂ ਦਵਾਈਆਂ ਨਹੀਂ ਦਿੰਦੇ। ਪਹਿਲੀਆਂ ਸਰਕਾਰਾਂ ਨੇ ਉਨ੍ਹਾਂ ਨਾਲ ਇਸ ਪ੍ਰਕਾਰ ਦੇ ਐਮਓਯੂ ਸਾਈਨ ਕੀਤੇ ਹਨ ਜਾਂ ਸਮਝੌਤੇ ਕੀਤੇ ਹਨ, ਜਿਸ

ਤਹਿਤ ਬੜੀ ਪ੍ਰੇਸ਼ਾਨੀ ਆਉਂਦੀ ਹੈ। ਫਰੀਦਕੋਟ ਮੈਡੀਕਲ ਕਾਲਜ ਵਿੱਚ ਤਕਰੀਬਨ 32-33 ਵਿਧਾਨ ਸਭਾ ਹਲਕਿਆਂ ਦੇ ਪੇਸ਼ੈਂਟ ਜਾਂ ਹੋਰ ਵੀ ਕਈ ਭਿਆਨਕ ਬਿਮਾਰੀਆਂ ਦੇ ਪੇਸ਼ੈਂਟ ਚੱਲ ਕੇ ਆਉਂਦੇ ਹਨ। ਇਸ ਵਾਸਤੇ ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੰਮ੍ਰਿਤ ਫਾਰਮੇਸੀ ਦੀ ਜਗ੍ਹਾ ਤੇ, ਸਾਡੀ ਸਟੇਟ ਜਿਹੜੀਆਂ ਦਵਾਈਆਂ ਖਰੀਦਦੀ ਹੈ, ਉਹ ਦਵਾਈਆਂ ਸਿੱਧੀਆਂ ਹੀ ਦੇਈਏ ਤਾਂ ਕਿ ਪੇਸ਼ੈਂਟਾਂ ਦੀ ਲੁੱਟ ਨਾ ਹੋ ਸਕੇ।

**ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਡਾਕਟਰ ਬਲਬੀਰ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨਾਲ ਇਸ ਗੱਲ ਵਾਸਤੇ ਸਹਿਮਤ ਹਾਂ। ਅੰਮ੍ਰਿਤ ਫਾਰਮੇਸੀ ਦਾ ਡਿਕਲੇਅਰਡ ਆਬਜੈਕਟਿਵ, ਮਕਸਦ ਇਹ ਸੀ ਕਿ ਲੋਕਾਂ ਨੂੰ ਵਧੀਆ ਕੁਆਲਿਟੀ ਦੀਆਂ ਦਵਾਈਆਂ ਵਾਜਬ ਰੇਟਾਂ ਤੇ ਮਿਲਣ। ਇਸ ਸਮੇਂ ਤਕਰੀਬਨ 238 ਅੰਮ੍ਰਿਤ ਫਾਰਮੇਸੀਜ਼ ਚੱਲ ਰਹੀਆਂ ਹਨ। ਇਹ ਪੀਜੀਆਈ, ਫਰੀਦਕੋਟ ਮੈਡੀਕਲ ਕਾਲਜ, ਏਮਜ਼ ਬਠਿੰਡਾ ਵਿੱਚ ਵੀ ਹਨ। ਇਹ 5200 ਦਵਾਈਆਂ ਦੇ ਨਾਲ ਨਾਲ ਇੰਪਲਾਂਟ, ਸਰਜੀਕਲ ਡਿਸਪੋਜ਼ੇਬਲਜ਼ ਅਤੇ ਹੋਰ ਵੀ ਸਾਜ਼ੋ ਸਮਾਨ ਜੋ ਹਸਪਤਾਲਾਂ ਵਿੱਚ ਯੂਜ਼ ਹੁੰਦਾ ਹੈ, ਸਾਰਾ ਕੁਝ ਉਪਲਬਧ ਕਰਵਾ ਰਹੀਆਂ ਹਨ। ਇਨ੍ਹਾਂ ਨੇ ਬ੍ਰਾਂਡਿਡ ਮੈਡੀਸਨਜ਼ ਵਿੱਚ 60% ਦਾ ਕਨਸੈਸ਼ਨ ਦੇਣਾ ਹੁੰਦਾ ਹੈ, ਸਸਤੀਆਂ ਦੇਣੀਆਂ ਹੁੰਦੀਆਂ ਹਨ। ਮੈਂਬਰ ਸਾਹਿਬ ਕਹਿ ਰਹੇ ਹਨ ਕਿ 4-5 ਗੁਣਾਂ ਵੱਧ ਰੇਟ ਤੇ ਦਿੰਦੇ ਹਨ। ਮੈਂ ਇਸ ਦੀ ਸਾਰੀ ਇਨਕੁਆਇਰੀ ਕੀਤੀ ਹੈ। ਅਨਫਾਰਚੁਨੇਟਲੀ ਡਾਇਰੈਕਟਰ ਪ੍ਰਿੰਸੀਪਲ, ਮੈਡੀਕਲ ਸੁਪਰਡੰਟ, ਜ਼ੋਨਲ ਅਸੈਸਿੰਗ ਅਥਾਰਟੀ ਜਾਂ ਕਿਸੇ ਡਰੱਗ ਇੰਸਪੈਕਟਰਾਂ ਕੋਲ ਕੋਈ ਰਿਟਨ ਵਿੱਚ ਸ਼ਿਕਾਇਤ ਨਹੀਂ ਆਈ ਹੈ। ਮੈਂ ਯਕੀਨ ਦਿਵਾਉਂਦਾ ਹਾਂ ਕਿ ਜੇਕਰ ਸਾਡੇ ਕੋਲ ਕੋਈ ਰਿਟਨ ਕੰਪਲੇਂਟ ਆਉਂਦੀ ਹੈ ਤਾਂ ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਦੀ ਜੋ ਜ਼ੀਰੋ ਟਾਲਰੈਂਸ ਦੀ ਨੀਤੀ any kind of corruption against ਹੈ. This is also a corruption. ਜੇ ਕੋਈ ਇਸ ਪ੍ਰਕਾਰ ਦੀ ਕਾਰਵਾਈ ਹੋਈ ਹੈ ਅਤੇ ਮੇਰੇ ਕੋਲ ਕੋਈ ਰਿਟਨ ਵਿੱਚ ਇਸ ਵਾਸਤੇ ਸ਼ਿਕਾਇਤ ਆਵੇਗੀ, ਮੈਂ ਯਕੀਨ ਦਿਵਾਉਂਦਾ ਹਾਂ ਕਿ ਉਸ ਉੱਤੇ ਸਖਤ ਤੋਂ ਸਖਤ ਕਾਰਵਾਈ ਕਰਕੇ ਉਸ ਫਾਰਮੇਸੀ ਨੂੰ ਬੰਦ ਕਰਕੇ ਨਵੀਂ ਫਾਰਮੇਸੀ ਉਥੇ ਖੋਲ੍ਹ ਦਿਆਂਗੇ।

ਦੂਜਾ ਮੁੱਦਾ ਇਨ੍ਹਾਂ ਨੇ 5 ਲੱਖ ਦੇ ਬੀਮਾ ਕਾਰਡ ਬਾਰੇ ਲਿਆਂਦਾ ਹੈ, ਜਿਸ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਕਾਰਡ ਕਹਿੰਦੇ ਹਾਂ, ਜਿਹੜੇ ਜਿਹੜੇ ਬੰਦੇ ਕੋਲ ਇਹ ਕਾਰਡ ਹੈ, ਉਸ ਤੋਂ ਕੋਈ ਦਵਾਈ ਨਹੀਂ ਮੰਗਵਾਉਣੀ। ਉਸ ਵਾਸਤੇ ਅੰਮ੍ਰਿਤ ਫਾਰਮੇਸੀ, ਜਨ ਔਸ਼ਧੀ ਕੇਂਦਰ, ਜਿਹੜਾ ਵੀ ਹਸਪਤਾਲ ਅੰਦਰ ਹੈ, ਉਸ ਨੇ ਇਸ ਕੈਸ਼ਲੈੱਸ ਸਕੀਮ ਅਧੀਨ ਜੇਕਰ ਕਿਸੇ ਤੋਂ ਦਵਾਈ ਵਾਸਤੇ ਪੈਸੇ ਮੰਗੇ ਹਨ ਤਾਂ ਉਸ ਤੇ ਵੀ ਐਕਸ਼ਨ ਲਿਆ ਜਾਵੇਗਾ ਪਰ ਮੈਨੂੰ ਇਸ ਵਾਸਤੇ ਡਾਕੂਮੈਂਟਰੀ ਪਰੂਫ ਚਾਹੀਦਾ ਹੈ। ਅਸੀਂ ਹਸਪਤਾਲਾਂ ਵਿੱਚ ਇਸ ਪ੍ਰਕਾਰ ਦੀ ਕੁਰੱਪਸ਼ਨ ਬਿਲਕੁਲ ਬਰਦਾਸ਼ਤ ਨਹੀ ਕਰਾਂਗੇ। ਇਸ ਫਾਰਮੇਸੀ ਵਿਚੋਂ ਪੇਸ਼ੈਂਟ ਇੰਪਲਾਂਟ ਫੈਸੀਲਿਟੀ ਵੀ ਲੈ ਸਕਦੇ ਹਨ।

**1410/Beant kaur/ Harjinder singh**

**1415/Karamjit kaur**

ਜੇ ਕਿਸੇ ਦੇ ਸਟੈਂਟ ਪੈਣਾ ਹੈ, ਕਿਸੇ ਦਾ ਗੋਡਾ ਬਦਲਣਾ ਹੈ, ਉਹ ਸਾਰੇ ਵੀ ਇਨ੍ਹਾਂ ਨੇ ਉਪਲਬਧ ਕਰਵਾਉਣੇ ਹਨ। ਤਿੰਨ ਕੈਟਾਗਰੀਜ਼ ਹਨ, ਇੱਕ ਜੈਨਰਿਕ ਮੈਡੀਸਨਜ਼, ਦੂਜੀਆ ਬਰੈਂਡਿਡ ਅਤੇ ਤੀਜੀਆਂ ਬਰੈਂਡਿਡ ਜੈਨਰਿਕ ਹਨ, ਜਿਸ ਵਿੱਚ ਪੇਟੈਂਟ ਨਹੀਂ ਹੁੰਦਾ, ਇਨ੍ਹਾਂ ਸਾਰੀਆਂ ਦਵਾਈਆਂ ਦਾ ਸਟਾਕ ਰੱਖਣਾ ਵੀ ਉਨ੍ਹਾਂ ਵਾਸਤੇ ਮੈਨਡੇਟਰੀ ਹੈ। ਜੇ ਉਨ੍ਹਾਂ ਨੇ ਕੋਈ ਵੀ ਕੋਤਾਹੀ ਕੀਤੀ ਤਾਂ ਉਨ੍ਹਾਂ ਦੇ ਖਿਲਾਫ ਸਖ਼ਤ ਐਕਸ਼ਨ ਲਵਾਂਗੇ।

**ਸਰਦਾਰ ਗੁਰਦਿੱਤ ਸਿੰਘ ਸੇਖੋਂ:** ਸਪੀਕਰ ਸਾਹਿਬ, ਮੈਂ ਮਾਣਯੋਗ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮੈਡੀਕਲ ਕਾਲਜ ਦੇ ਵਿੱਚ ਮੇਰਾ ਤਕਰੀਬਨ ਇੱਕ ਗੇੜਾ ਵੱਜਦਾ ਹੈ। ਜਿੰਨੇ ਵੀ ਉਥੇ ਪੇਸ਼ੈਂਟ ਮਿਲਦੇ ਹਨ, ਖਾਸ ਕਰਕੇ ਜਿਹੜਾ ਵੀ ਅੰਮ੍ਰਿਤ ਫਾਰਮੇਸੀ ਤੋਂ ਦਵਾਈ ਲੈਂਦਾ ਹੈ, ਉਹ ਇਸ ਗੱਲ ਤੋਂ ਸੈਟਿਸਫਾਈ ਨਹੀਂ ਹੁੰਦਾ, ਜੇਕਰ ਉਸ ਨੂੰ 10 ਦਵਾਈਆਂ ਡਾਕਟਰ ਨੇ ਲਿਖੀਆਂ ਹਨ ਤਾਂ ਉਸ ਨੂੰ ਚਾਰ ਦਵਾਈਆਂ ਅੰਦਰ ਵਾਲੀਆਂ ਲਿਖ ਕੇ ਕਹਿ ਦਿੰਦੇ ਹਨ ਕਿ ਬਾਕੀ ਦੀਆਂ ਛੇ ਬਾਹਰੋਂ ਲੈ ਲਵੋ। ਇੱਥੇ ਮੁੱਖ ਮੰਤਰੀ ਸਾਹਿਬ ਵੀ ਬੈਠੇ ਹਨ। ਮੈਂ ਆਪ ਜੀ ਰਾਹੀਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਵਿੱਚ ਬਹੁਤ ਵੱਡਾ ਘਪਲਾ ਹੈ। ਕਿਉਂਕਿ ਇਹ ਅੰਮ੍ਰਿਤ ਫਾਰਮੇਸੀਆਂ ਪੀ.ਜੀ.ਆਈ. ਅਤੇ ਸੈਂਟਰ ਦੇ ਜੋ ਹਸਪਤਾਲ ਏਮਜ ਆਦਿ ਹਨ, ਉਨ੍ਹਾਂ ਵਿਚ ਖੁਲੀਆਂ ਹਨ। ਪਰ ਪੰਜਾਬ ਦੇ ਹਸਪਤਾਲਾਂ ਵਿੱਚੋਂ ਇਹ ਅੰਮ੍ਰਿਤ ਫਾਰਮੇਸੀ ਇਕੱਲੀ ਫਰੀਦਕੋਟ ਵਿੱਚ ਖੁਲ੍ਹੀ ਹੈ। ਸੋ, ਇਸ ਵਾਸਤੇ ਮੇਰੀ ਬੇਨਤੀ ਹੈ ਕਿ ਇਹ ਅੰਮ੍ਰਿਤ ਫਾਰਮੇਸੀ ਲੋਕਾਂ ਨੂੰ ਬਹੁਤ ਪਰੇਸ਼ਾਨ ਕਰਦੀ ਹੈ। ਜਿਹੜੇ ਗਰੀਬ ਬੰਦੇ ਹਨ, ਉਹ ਇਹ ਆਸ ਰੱਖ ਕੇ ਜਾਂਦੇ ਹਨ ਕਿ ਉਨ੍ਹਾਂ ਕੋਲ ਪੰਜ ਲੱਖ ਰੁਪਏ ਦਾ ਕਾਰਡ ਹੈ ਅਤੇ ਸਾਨੂੰ ਸਾਰੀ ਦਵਾਈ ਫਰੀ ਮਿਲ ਜਾਵੇਗੀ ਪ੍ਰੰਤੂ ਕਈ ਵਾਰੀ ਉਨ੍ਹਾਂ ਨੂੰ ਲੋਕਾਂ ਕੋਲੋਂ ਪੈਸੇ ਮੰਗ ਕੇ ਵੀ ਦਵਾਈ ਲੈਣੀ ਪੈਂਦੀ ਹੈ। ਕਿਉਂਕਿ ਮੇਰਾ ਘਰ ਹਸਪਤਾਲ ਦੇ ਬਿਲਕੁਲ ਸਾਹਮਣੇ ਹੈ। ਮੈਂ ਉਥੇ ਆਉਂਦਾ ਜਾਂਦਾ ਰਹਿੰਦਾ ਹਾਂ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਉਤੇ ਸਖਤੀ ਨਾਲ ਕਦਮ ਚੁੱਕਿਆ ਜਾਵੇ। ਇਹ ਬੰਦੇ ਆਮ ਲੋਕਾਂ ਨੂੰ ਪਰੇਸ਼ਾਨ ਕਰਦੇ ਹਨ।

**ਮਾਣਯੋਗ ਸਪੀਕਰ:** ਸੇਖੋਂ ਸਾਹਿਬ, ਧੰਨਵਾਦ। ਮਾਣਯੋਗ ਸਿਹਤ ਮੰਤਰੀ ਜੀ, ਮੈਂ ਵੀ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਨੂੰ ਇੱਥੇ ਤੱਕ ਮਰੀਜ਼ਾਂ ਦੀਆਂ ਅਸੀਸਾਂ ਨੇ ਹੀ ਪਹੁੰਚਾਇਆ ਹੈ। ਮੈਡੀਕਲ ਕਾਲਜ ਵਿੱਚ ਅਸੀਂ ਇਕ ਤੀਰਥ ਅਸਥਾਨ ਦੀ ਤਰ੍ਹਾਂ ਹੀ ਜਾ ਕੇ ਸੇਵਾ ਕਰਦੇ ਹਾਂ। ਇਹ ਜਿਹੜੇ ਪ੍ਰਾਬਲਮ ਹੈ, ਇਹ ਬੜੀ ਵੱਡੀ ਪ੍ਰਾਬਲਮ ਹੈ। ਇਹ ਜਿਹੜੀਆਂ ਜਿਹੜੀਆਂ ਅਥਾਰਿਟੀਜ਼ ਤੋਂ ਤੁਸੀਂ ਕਰਵਾਈ ਹੈ, ਇਨ੍ਹਾਂ ਨੂੰ ਛੱਡ ਕੇ ਕੋਈ ਹੋਰ ਇੱਕ ਇੰਡੀਪੈਂਡੈਂਟ ਕਮੇਟੀ ਬਣਾ ਲਵੋ। ਇਹ ਮੇਰਾ ਸੁਜੇੈਸ਼ਨ ਹੈ। ਇਹ ਕੰਮ ਬਿਲਕੁਲ ਕਰਨਾ ਹੈ ਕਿਉਂਕਿ ਜਿਹੜੇ ਮਰੀਜ਼ ਹਨ, ਉਹ ਤਾਂ ਤਰਸ ਅਤੇ ਦਇਆ ਦੇ ਪਾਤਰ ਹਨ। ਹਾਂ ਜੀ, ਮੰਤਰੀ ਜੀ, ਕੁਝ ਕਹਿਣਾ ਚਾਹੁੰਦੇ ਹੋ?

**ਮੰਤਰੀ:** ਸਰ, ਤੁਹਾਡੀ ਸੁਜੈਸ਼ਨ ਬਹੁਤ ਅੱਛੀ ਹੈ। ਮੈਂ ਉਥੇ ਜਿਹੜੇ ਕੋਈ ਜਨ ਪ੍ਰਤੀਨਿਧੀ ਹਨ ਜਾਂ ਐਨ.ਜੀ.ਓਜ ਹਨ, ਮੈਂ ਉਨ੍ਹਾਂ ਦੀ ਲੋਕਲ ਲੈਵਲ ਤੇ ਇੱਕ ਮੌਨੀਟਰਿੰਗ ਕਮੇਟੀ ਬਣਾ ਦੇਵਾਂਗਾ ਜੀ। ਮੇਰੀ ਇੱਕ ਵਾਰੀ ਫਿਰ ਬੇਨਤੀ ਹੈ ਕਿ ਜਦੋਂ ਵੀ ਤੁਹਾਡੇ ਕੋਲ ਕੋਈ ਵੀ ਆਮ ਬੰਦਾ, ਜਿਸ ਨੂੰ ਨਹੀਂ ਪਤਾ ਹੁੰਦਾ, ਜਦੋਂ ਤੁਹਾਡੇ ਕੋਲ ਸ਼ਿਕਾਇਤ ਕਰਦਾ ਹੈ, ਜੇ ਉਸ ਦੇ ਵਲੋਂ ਆਪਾਂ ਇੱਕ ਲਿਖਤੀ ਦਰਖਾਸਤ ਲੈ ਲਈਏ ਤਾਂ ਮੇਰੇ ਵਾਸਤੇ ਕਾਰਵਾਈ ਕਰਨੀ ਬਹੁਤ ਆਸਾਨ ਹੋ ਜਾਵੇਗੀ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਇਹ ਲਿਖਤੀ ਹੀ ਹੈ। ਇਹ ਵਿਧਾਨ ਸਭਾ ਵਿੱਚ ਗੱਲ ਕਰ ਰਹੇ ਹਨ। ਮੇਰਾ ਖਿਆਲ ਹੈ ਕਿ ਇਸ ਨੂੰ ਹੀ ਸ਼ਿਕਾਇਤ ਮੰਨ ਲਿਆ ਜਾਣਾ ਚਾਹੀਦਾ ਹੈ।

**ਮਾਣਯੋਗ ਸਪੀਕਰ:** ਬਿਲਕੁਲ ਠੀਕ ਜੀ। I agree with it. ਇਸ ਨੂੰ ਹੀ ਕੰਪਲੇਂਟ ਮੰਨ ਲਿਆ ਜਾਵੇ ਜੀ।

**ਮੰਤਰੀ:** ਸਰਦਾਰ ਪਰਗਟ ਸਿੰਘ ਜੀ, ਇਹ ਬਿਲੁਕਲ ਲਿਖਤੀ ਹੈ ਜੀ। ਜਦੋਂ ਕਿਸੇ ਪੇਸ਼ੈਂਟ ਵਲੋਂ ਕੋਈ ਆਥੈਂਟਿਕ ਸਬੂਤ ਹੋਵੇਗਾ, ਕੋਈ ਬਿੱਲ ਇਸ ਦੇ ਨਾਲ ਲੱਗਿਆ ਹੋਇਆ ਹੋਵੇਗਾ ਕਿ ਦੇਖੋ ਜੀ ਮੈਂ ਇਹ ਦਵਾਈ ਖਰੀਦੀ ਹੈ, ਮੈਨੂੰ ਇੰਨੇ ਰੁਪਏ ਦੀ ਦਿੱਤੀ ਹੈ। ਉਸ ਦੇ ਨਾਲ ਮੈਂ ਸਹਿਮਤ ਹਾਂ। ਮੈਂ ਆਲਰੈਡੀ ਕਹਿ ਦਿੱਤਾ ਹੈ, I considered ਕਿ ਮੈਂ ਉਸ ਦੀਆਂ ਲੋਕਲ ਮਾਨੀਟਰਿੰਗ ਕਮੇਟੀਆਂ ਬਣਾ ਦੇਵਾਂਗਾ।

**ਮਾਣਯੋਗ ਸਪੀਕਰ:** ਜਿਹੜੇ ਜਿਹੜਿਆਂ ਨੇ ਇਸ ਸਬੰਧੀ ਅੱਖਾਂ ਬੰਦ ਕੀਤੀਆਂ ਸੀ, ਉਨ੍ਹਾਂ ਨੂੰ ਵੀ ਦੋਸ਼ੀ ਗਿਣਿਆ ਜਾਵੇ।

**ਮੰਤਰੀ:** ਸਪੀਕਰ ਸਾਹਿਬ, ਉਨ੍ਹਾਂ ਨੂੰ ਵੀ ਕਰਾਂਗੇ। ਜਿਹੜੇ ਜਿਹੜੇ ਵੀ ਇਸ ਸਬੰਧੀ ਜ਼ਿੰਮੇਵਾਰ ਅਫ਼ਸਰ ਹਨ, ਉਨ੍ਹਾਂ ਤੇ ਵੀ ਐਕਸ਼ਨ ਕਰਾਂਗੇ। ਸਰ, ਮੈਂ ਇਸ ਦੇ ਨਾਲ ਹੀ ਇੱਕ ਹੋਰ ਗੱਲ ਵੀ ਸਾਂਝੀ ਕਰਨੀ ਚਾਹੁੰਦਾ ਹਾਂ। ਮੇਰੀ ਇਹ ਆਖਰੀ ਗੱਲ ਹੈ। ਸਾਡਾ ਜਿਹੜਾ ਫਰੀਦਕੋਟ ਜ਼ਿਲ੍ਹਾ ਹੈ, ਉਸ ਵਿੱਚ ਬੈਸਟ ਐਗਜ਼ਾਂਪਲ ਹੈ, ਜਿਹੜੇ ਸਾਡੇ ਸਿਵਲ ਸਰਜਨ ਹਨ, ਉਨ੍ਹਾਂ ਨੇ ਅਜਿਹਾ ਕੀਤਾ ਹੈ ਕਿ ਜਿਨ੍ਹਾਂ ਕੋਲ ਮੁੱਖ ਮੰਤਰੀ ਸਿਹਤ ਬੀਮਾ ਦਾ ਕਾਰਡ ਹੈ, ਉਸ ਨੇ ਇੱਕ ਸੈਪਰੇਟ ਫਾਰਮੇਸੀ, ਆਯੂਸ਼ਮਾਨ ਫਾਰਮੇਸੀ , ਜਿਸ ਨੂੰ ਉਨ੍ਹਾਂ ਦਾ ਸਟਾਫ ਖੁਦ ਹੀ ਮੈਨੇਜ ਕਰਦਾ ਹੈ, ਜਿਸ ਤਰ੍ਹਾਂ ਤੁਸੀਂ ਕਿਹਾ ਹੈ, ਹੁਣ ਅਸੀਂ ਉਹ ਮਾਡਲ ਸਾਰੇ ਪੰਜਾਬ ਵਿੱਚ ਲਾਗੂ ਕਰ ਰਹੇ ਹਾਂ ਕਿ ਜੇ ਉਨ੍ਹਾਂ ਨੂੰ ਕਿਤੇ ਤੋਂ ਵੀ ਦਵਾਈ ਨਹੀਂ ਮਿਲਦੀ, ਅੰਮ੍ਰਿਤ ਫਾਰਮੇਸੀ ਤੋਂ ਨਹੀਂ ਮਿਲਦੀ, ਜਨ ਔਸ਼ਧੀ ਤੋਂ ਨਹੀਂ ਮਿਲਦੀ, ਤਾਂ ਅਸੀਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਪੈਸਿਆਂ ਨਾਲ ਫਾਰਮੇਸੀ ਸ਼ੁਰੂ ਕੀਤੀ ਹੈ, ਉਹ ਲੋਕ ਸਾਰੀਆਂ ਦਵਾਈਆਂ ਉਥੋਂ ਲੈ ਸਕਦੇ ਹਨ। ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਤੁਸੀਂ ਵੀ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਫਰੀਦਕੋਟ ਹਸਪਤਾਲ ਵਿੱਚ 100% ਪੇਸ਼ੈਂਟ ਬਹੁਤ ਖੁਸ਼ ਹਨ ਕਿ ਸਾਨੂੰ ਕੋਈ ਦਵਾਈ ਖਰੀਦਣੀ ਨਹੀਂ ਪੈਂਦੀ।

**ਮਾਣਯੋਗ ਸਪੀਕਰ:** ਧੰਨਵਾਦ ਜੀ।

-------

# PAPERS LAID ON THE TABLE OF THE HOUSE

**ਮਾਨਯੋਗ ਸਪੀਕਰ :** ਅਗਲੀ ਆਈਟਮ । ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ। ਸਰਦਾਰ ਬਲਕਾਰ ਸਿੰਘ, ਸੰਸਦੀ ਮਾਮਲਿਆਂ ਬਾਰੇ ਮੰਤਰੀ ਜੀ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ)**: ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਵਿੱਚ ਮੱਦ ਨੰਬਰ **V** ਅਧੀਨ ਦਰਸਾਏ ਗਏ ਲੜੀ ਨੰ. **1** ਤੋਂ **12** ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ: -

1. ਸਾਲ **2019-20** ਲਈ ਪੰਜਾਬ ਪੱਛੜੀਆਂ ਸ਼੍ਰੇਣੀਆਂ, ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਪੱਛੜੀਆਂ ਸ਼੍ਰੇਣੀਆਂ, ਭੌਂ ਵਿਕਾਸਅਤੇ ਵਿੱਤ ਕਾਰਪੋਰੇਸ਼ਨ ਐਕਟ, **1976** ਦੀ ਧਾਰਾ **27 (6)** ਅਧੀਨ ਲੋੜੀਂਦਾ ਹੈ।
2. ਸਾਲ **2018-19** ਲਈ ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੀ **52**ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਵੇਅਰ ਹਾਊਸਿੰਗ ਕਾਰਪੋਰੇਸ਼ਨ ਐਕਟ, **1962** ਦੀ ਧਾਰਾ **31 (11)** ਅਧੀਨ ਲੋੜੀਂਦਾ ਹੈ।
3. ਸਾਲ **2020-21** ਲਈ ਪੰਜਾਬ ਰਾਜ ਖੁਰਾਕ ਕਮਿਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਕੌਮੀ ਸੁਰੱਖਿਆ ਐਕਟ, **2013** ਦੀ ਧਾਰਾ **16 (6)** ਅਧੀਨ ਲੋੜੀਂਦਾ ਹੈ।
4. ਸਾਲ **2021-22** ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਐਕਟ, **1969** (ਸੋਧਨਾ ਐਕਟ, **2017**) ਦੀ ਧਾਰਾ **19 (5)** ਅਧੀਨ ਲੋੜੀਂਦਾ ਹੈ।
5. ਸਾਲ **2021-22** ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ **12**ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, **2013** ਦੀ ਉਪ-ਧਾਰਾ **395** ਅਧੀਨ ਲੋੜੀਂਦਾ ਹੈ।
6. ਸਾਲ **2019-20** ਲਈ ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ.)ਐਕਟ, **1995** ਦੀ ਧਾਰਾ **54 (2)** ਅਧੀਨ ਲੋੜੀਂਦਾ ਹੈ।
7. ਸਾਲ **2020-21** ਲਈ ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ.)ਐਕਟ, **1995** ਦੀ ਧਾਰਾ **54 (2)** ਅਧੀਨ ਲੋੜੀਂਦਾ ਹੈ।
8. ਸਾਲ **2021-22** ਲਈ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ.)ਐਕਟ, **1995** ਦੀ ਧਾਰਾ **54 (2)** ਅਧੀਨ ਲੋੜੀਂਦਾ ਹੈ।
9. ਸਾਲ **2021-22** ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀਜ਼ ਐਕਟ, **1970** ਦੀ ਧਾਰਾ **39 (3)** ਅਧੀਨ ਲੋੜੀਂਦਾ ਹੈ।

10. ਸਾਲ **2020-21** ਲਈ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਿਡ ਦੀ **55**ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, **2013** ਦੀ ਧਾਰਾ **394 (1)** ਅਧੀਨ ਲੋੜੀਂਦਾ ਹੈ।

11. ਸਾਲ **2018-19** ਲਈ ਪੰਜਾਬ ਛੋਟੇ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਦੀ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, **2013** ਦੀ ਧਾਰਾ **394-395** ਅਧੀਨ ਲੋੜੀਂਦਾ ਹੈ।

12. ਵਿੱਤੀ ਸਾਲ **2022-23 (01.04.2022 ਤੋਂ 31.03.2023)** ਲਈ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਖਰਚੇ ਦੀ ਪ੍ਰਵਿਰਤੀ ਦਾ ਵਿਵਰਣ, ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ **2003** ਅਧੀਨ ਲੋੜੀਂਦਾ ਹੈ।

-------

**1415/Karamjit kaur/ Harjinder singh**

**1420/harpreet singh**

# OBSERVATION BY THE HON'BLE SPEAKER REGARDEING USAGE OF MOBILE PHONES IN THE HOUSE

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ):** ਮਾਨਯੋਗ ਸਪੀਕਰ ਸਾਹਿਬ, ਬਹੁਤ ਧੰਨਵਾਦ। ਤੁਸੀਂ ਇਸ ਮੁਕੱਦਸ ਹਾਊਸ ਨੂੰ ਬੜੇ ਵਧੀਆ ਤਰੀਕੇ ਨਾਲ ਚਲਾਉਂਦੇ ਹੋ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅੱਜ ਮੁੱਖ ਵਿਰੋਧੀ ਪਾਰਟੀ ਵੀ ਆਈ ਹੈ ਨਹੀਂ ਤਾਂ ਆਮ ਤੌਰ ਤੇ ਵਾਕ ਆਊਟ, ਬਾਈਕਾਟ, ਇਸ ਤਰ੍ਹਾਂ ਦੇ ਲਫ਼ਜ਼ ਹੀ ਸੁਣਨ ਨੂੰ ਮਿਲਦੇ ਹਨ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਬੈਠੇ ਬੈਠੇ ਆਪਣਾ ਫੋਨ ਚਲਾਉਂਦਿਆਂ ਬਿਨਾ ਇਜਾਜ਼ਤ ਕੁੱਝ ਬੋਲ ਰਹੇ ਸਨ)

**ਮੁੱਖ ਮੰਤਰੀ** : ਬਾਜਵਾ ਸਾਹਿਬ, ਮੈਂ ਬੋਲ ਲਵਾਂ? ਤੁਸੀਂ ਆਪਣਾ ਫੋਨ ਬੰਦ ਕਰ ਲਓ ਜੀ। ਮੈਨੂੰ ਸੁਣ ਲਓ। ਜੇਕਰ ਹਾਊਸ ਵਿਚ ਬੈਠੇ ਇਹ ਫੋਨ ਸੁਣ ਰਹੇ ਹਨ ਤਾਂ ਇਸ ਤੋਂ ਪਤਾ ਲੱਗ ਜਾਂਦਾ ਹੈ ਕਿ ਇਹ ਕਿੰਨੇ ਕੁ ਸੀਰੀਅਸ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ-ਬੈਠੇ):** ਇਸੇ ਫੋਨ ਦੇ ਜ਼ਰੀਏ ਤੁਸੀਂ ਪਾਰਲੀਮੈਂਟ ਵਿਚ ਮੂਵੀ ਬਣਾਈ ਸੀ।

**ਮੁੱਖ ਮੰਤਰੀ** : ਬਾਜਵਾ ਸਾਹਿਬ, ਮੈਂ ਅੰਦਰ ਨਹੀਂ ਗਿਆ ਸੀ ਪਰ ਤੁਹਾਡੇ ਸੁਖਪਾਲ ਖਹਿਰੇ ਨੇ ਅੰਦਰੋਂ ਵੀਡੀਓ ਬਣਾਈ ਸੀ। ਤੁਸੀਂ ਬੈਠ ਜਾਓ, ਮੈਂ ਸਾਰਾ ਕੁੱਝ ਦੱਸਾਂਗਾ।

**ਮਾਨਯੋਗ ਸਪੀਕਰ:** ਮੁੱਖ ਮੰਤਰੀ ਜੀ, ਪਲੀਜ਼ ਚੇਅਰ ਨੂੰ ਅਡਰੈਸ ਕਰੋ। ਬਾਜਵਾ ਸਾਹਿਬ, ਹੁਣ ਆਪਾਂ ਸੁਣ ਲਈਏ।
**Sardar Partap Singh Bajwa:** I have a message from Hospital, its medical emergency.

**ਮੁੱਖ ਮੰਤਰੀ :** ਬਾਜਵਾ ਸਾਹਿਬ, ਤੁਸੀਂ ਪਹਿਲਾਂ ਮੈਸੇਜ ਹੀ ਕਰ ਲਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਮੈਂ ਤਾਂ ਕਰ ਲਿਆ, ਤੁਸੀਂ ਆਪਣੀ ਗੱਲ ਕਰੋ ਤੇ ਮੈਂ ਆਪਣਾ ਕੰਮ ਕਰਾਂ।

**ਮਾਨਯੋਗ ਸਪੀਕਰ:** ਬਾਜਵਾ ਸਾਹਿਬ, ਤੁਸੀਂ ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਇਹ ਇਸੇ ਫੋਨ ਕਰਕੇ 6 ਮਹੀਨੇ ਪਾਰਲੀਮੈਂਟ ਵਿਚੋਂ ਬਾਹਰ ਰਹੇ ਹਨ।
**ਮਾਨਯੋਗ ਸਪੀਕਰ:** ਬਾਜਵਾ ਸਾਹਿਬ, ਤੁਸੀਂ ਬੈਠੋ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਹ ਮੁਕੱਦਸ ਹਾਊਸ ਹੈ, ਇਸ ਦੀ ਪਵਿੱਤਰਤਾ, ਟਰਾਂਸਪੀਰੈਂਸੀ, ਐਫੀਸ਼ੀਐਂਸੀ ਬਣਾ ਕੇ ਰੱਖਣ ਲਈ ਕ੍ਰਿਪਾ ਕਰਕੇ ਆਪਾਂ ਫੋਨ ਯੂਜ਼ ਨਹੀਂ ਕਰਨੇ। ਸੋ, ਮੈਂ ਹੁਣ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀ ਗੱਲ ਰੱਖਣ।

-------

# STATEMENT BY THE CHIEF MINISTER

**ਮੁੱਖ ਮੰਤਰੀ:** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ਕਿ ਜੋ ਵਾਅਦਾ ਅਸੀਂ ਕੀਤਾ ਸੀ ਕਿ ਅਗਲੀ ਸਿਟਿੰਗ ਵਿਚ ਹਰੇਕ ਮੈਂਬਰ ਦੀ ਸੀਟ ਤੇ ਸਕਰੀਨ ਹੋਵੇਗੀ, ਊਹ ਪੂਰਾ ਹੋ ਗਿਆ। ਮੈਂ ਇਸ ਗੱਲ ਲਈ ਤੁਹਾਨੂੰ ਵਧਾਈ ਦਿੰਦਾ ਹਾਂ। (ਥੰਪਿੰਗ) ਜਿਹੜੇ ਉਸ ਦਿਨ ਯਾਨੀ ਕਿ ਲਾਂਚਿੰਗ ਵਾਲੇ ਦਿਨ ਇੱਥੇ ਹਾਜ਼ਰ ਨਹੀਂ ਸੀ ਉਹ ਵੀ ਅੱਜ ਇਹ ਸਕਰੀਨਾਂ ਇਸਤੇਮਾਲ ਕਰ ਰਹੇ ਹਨ। ਇਹ ਬਹੁਤ ਵਧੀਆ ਗੱਲ ਹੈ। ਕਰੋ, ਇਸਤੇਮਾਲ ਕਰੋ। ਮੈਂ ਸਭ ਤੋਂ ਵੱਧ ਵਧਾਈ ਦੇਣਾ ਚਾਹੁੰਦਾ ਹਾਂ ਸਾਡੇ ਪੰਜਾਬ ਦੇ ਉਨ੍ਹਾਂ ਖਿਡਾਰੀਆਂ ਨੂੰ, ਜਿਨ੍ਹਾਂ ਨੇ ਅਜ਼ਾਦੀ ਤੋਂ ਬਾਅਦ ਖੇਡਾਂ ਵਿਚ ਆਲ ਟਾਈਮ ਰਿਕਾਰਡ ਬਣਾਇਆ ਹੈ। 19 ਮੈਡਲ ਇਕੱਲੇ ਪੰਜਾਬ ਨੇ ਜਿੱਤੇ ਹਨ, ਜੋ ਕਿ ਬਹੁਤ ਵੱਡੀ ਗੱਲ ਹੈ। (ਥੰਪਿੰਗ) ਖਾਸ ਤੌਰ ਤੇ ਹਾਕੀ ਵਿਚ ਜਿਹੜੇ ਮੈਡਲ ਆਏ ਹਨ, ਕਿਉਂਕਿ ਸਾਡੇ ਖੂਨ ਵਿਚ ਹਾਕੀ ਵਸੀ ਹੋਈ ਹੈ, ਇੱਥੇ ਸਰਦਾਰ ਪਰਗਟ ਸਿੰਘ ਵੀ ਬੈਠੇ ਹਨ। ਸਾਡੀ ਹਾਕੀ ਟੀਮ ਵਿਚ 10 ਪਲੇਅਰ ਪੰਜਾਬ ਦੇ ਹਨ ਅਤੇ ਉਹ ਜਿਸ ਮਾਰਜਨ ਤੇ ਜਿੱਤੇ ਹਨ, ਉਹ ਬੜੀ ਵੱਡੀ ਗੱਲ ਹੈ। ਪਾਕਿਸਤਾਨ ਨੂੰ 10-2 ਤੇ ਹਰਾਇਆ ਹੈ, ਫਾਈਨਲ ਮੈਚ 5-1 ਤੇ ਜਿੱਤੇ ਹਨ। 68 ਗੋਲਾਂ ਵਿਚੋਂ 43 ਗੋਲ ਪੰਜਾਬੀਆਂ ਦੇ ਹਨ। ਮੈਂ ਇਕੱਲਾ ਇਕੱਲਾ ਮੈਚ ਦੇਖਿਆ ਹੈ। (ਥੰਪਿੰਗ) ਸਰਦਾਰ ਪਰਗਟ ਸਿੰਘ ਜੀ ਤਾਂ ਸਾਡੇ ਦੇਸ਼ ਦੀ ਟੀਮ ਦੇ ਕਪਤਾਨ ਰਹੇ ਹਨ। ਉਨ੍ਹਾਂ ਦਾ ਗੋਲ ਵੀ ਬੜਾ ਮਸ਼ਹੂਰ ਸੀ ਜਦੋਂ ਜਰਮਨੀ ਦੇ ਖਿਲਾਫ਼ ਆਪਣੀ ਡਿਫੈਂਸ ਤੋਂ ਬਿਬਲਿੰਗ ਕਰਦੇ ਹੋਏ ਬਾਲ ਲੈ ਕੇ ਗੋਲ ਕਰਕੇ ਮੁੜੇ ਸੀ। ਹਾਕੀ ਵਿਚ ਕਿਹਾ ਜਾਂਦਾ ਹੈ ਕਿ Attack is a best

Defence. ਸੋ, ਸਾਡੀ ਟੀਮ ਦੀ ਨੁਹਾਰ ਬਦਲੀ ਹੈ ਅਤੇ ਸਾਡੇ ਧੀਆਂ ਪੁੱਤ ਗੋਲਡ ਮੈਡਲ ਲੈ ਕੇ ਆਏ ਹਨ। ਇਹ ਬੜੀ ਖੁਸ਼ੀ ਦੀ ਗੱਲ ਹੈ। ਸਪੀਕਰ ਸਾਹਿਬ, ਇੱਥੇ ਕੁੱਝ ਗੱਲਾਂ ਚੱਲ ਰਹੀਆਂ ਸਨ। ਖਾਸ ਤੌਰ ਤੇ ਬਾਜਵਾ ਸਾਹਿਬ ਕਹਿ ਰਹੇ ਸੀ ਕਿ ਸਾਡੇ ਕਿਸੇ ਐਮ.ਐਲ.ਏ. ਨੇ ਸਾਡੇ ਕਿਸੇ ਐਮ.ਪੀ. ਬਾਰੇ ਕੁਝ ਬੋਲ ਦਿੱਤਾ। ਰਾਜਨੀਤਕ ਪਾਰਟੀਆਂ ਵਿਚ ਮਤਭੇਦ ਚੱਲਦੇ ਰਹਿੰਦੇ ਹਨ। ਤੁਹਾਡੀ ਪਾਰਟੀ ਵਿਚ ਵੀ 4 ਕੁਝ ਬੋਲ ਦਿੰਦੇ ਹਨ, 2 ਕੁਝ ਬੋਲ ਦਿੰਦੇ ਹਨ।ਤੁਸੀਂ ਕਿਹਾ ਕਿ ਡਰੱਗ ਦਾ ਇਲਜ਼ਾਮ ਲਗਾ ਦਿੱਤਾ। ਤੁਹਾਡੇ ਬਾਰੇ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਦਿੱਲੀ ਚਿੱਠੀ ਲਿਖੀ ਸੀ, ਉਸ ਦਾ ਕੀ ਕਰੀਏ? ਜਦੋਂ ਕੈਪਟਨ ਸਾਹਿਬ ਨੇ ਲਿਖਿਆ ਸੀ ਕਿ ਤੁਹਾਡਾ ਸਮੱਗਰਲਾਂ ਦੇ ਵਿਚ ਨਾਮ ਆਉਂਦਾ ਹੈ। ਉਸ ਦਾ ਕੀ ਕਰੀਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਜਿਹੜੀ ਕੇਜਰੀਵਾਲ ਨੇ ਤੁਹਾਡੇ ਖਿਲਾਫ਼ ਚਿੱਠੀ ਲਿਖੀ ਸੀ, ਉਹ ਕਿੱਥੇ ਹੈ?

**ਮੁੱਖ ਮੰਤਰੀ:** ਕੇਜਰੀਵਾਲ ਨੇ ਕੀ ਲਿਖਿਆ ਹੈ? ਤੁਸੀਂ ਵਾਰ ਵਾਰ ਉਨ੍ਹਾਂ ਦਾ ਨਾਮ ਲੈ ਆਉਂਦੇ ਹੋ। ਉਹ ਤੁਹਾਡੇ ਸੁਪਨਿਆਂ ਦੇ ਵਿਚ ਵੀ ਆਉਂਦੇ ਹਨ। ਤੁਸੀਂ ਬੈਠੋ। ਜਦੋਂ ਤੁਸੀਂ ਬੋਲਦੇ ਸੀ, ਮੈਂ ਬੋਲਿਆਂ?

**ਮਾਨਯੋਗ ਸਪੀਕਰ:** ਬਾਜਵਾ ਜੀ, ਮਾਨਯੋਗ ਮੁੱਖ ਮੰਤਰੀ ਜੀ ਬੋਲ ਰਹੇ ਹਨ, ਆਪਾਂ ਸੁਣ ਲਈਏ। ਤੁਸੀਂ ਬਾਅਦ ਵਿਚ ਜਵਾਬ ਦੇ ਦਿਓ। ਤੁਸੀਂ ਬੈਠੋ।

**ਮੁੱਖ ਮੰਤਰੀ:** ਬਾਜਵਾ ਸਾਹਿਬ, ਤੁਹਾਡਾ ਮੈਸੇਜ ਆ ਗਿਆ ਹੋਣਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੈਂ ਇਹ ਪੁੱਛ ਰਿਹਾ ਹਾਂ ਕਿ ਕੇਜਰੀਵਾਲ ਦੀ ਚਿੱਠੀ ਦਾ ਵੀ ਜਵਾਬ ਦੇ ਦਿਓ।

**ਮਾਨਯੋਗ ਸਪੀਕਰ:** ਬਾਜਵਾ ਜੀ, ਬੈਠੋ।

**ਮੁੱਖ ਮੰਤਰੀ:** ਬਾਜਵਾ ਸਾਹਿਬ, ਕੈਪਟਨ ਸਾਹਿਬ ਵਾਲੀ ਚਿੱਠੀ ਦਾ ਕੀ ਕਰੀਏ?

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਜੋ ਤੁਹਾਡੇ ਕੋਲੋਂ ਹੁੰਦਾ ਹੈ, ਉਹ ਕਰੋ। ਮੇਰਾ ਓਪਨ ਚੈਲੰਜ ਹੈ।

**1420/harpreet singh/BS khokha**

**1425/amandeep kaur**

**ਮੁੱਖ ਮੰਤਰੀ:** ਸਪੀਕਰ ਸਾਹਿਬ, ਇਹ ਪਹਿਲਾਂ ਚੈਲੇਂਜ ਕਰ ਦਿੰਦੇ ਹਨ, ਮੁੜ ਕੇ ਫਿਰ ਸ਼ਿਕਾਇਤਾਂ ਲਗਾਉਣ ਲੱਗ ਜਾਂਦੇ ਹਨ। ਰਹਿਣ ਦਿਉ। (ਵਿਘਨ)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਹੋ ਜਿਹੀਆਂ ਗੱਲਾਂ ਬੰਦ ਕਰੋ।

**ਮੁੱਖ ਮੰਤਰੀ:** ਢਕੇ ਰਹੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ** **

**ਮਾਣਯੋਗ ਸਪੀਕਰ:** ਕਿਸੇ ਵੀ ਮੈਂਬਰ ਦੀ ਸ਼ਾਨ ਦੇ ਖਿਲਾਫ ਨਾ ਬੋਲਿਆ ਜਾਵੇ। (ਵਿਘਨ) ਬਾਜਵਾ ਜੀ ਚੇਅਰ ਨੂੰ ਐਡਰੈਸ ਕੀਤਾ ਜਾਵੇ। (ਵਿਘਨ) ਬਾਜਵਾ ਸਾਹਿਬ ਬੈਠੋ। Let him speak.

**ਮੁੱਖ ਮੰਤਰੀ:** ਕੀ ਤੁਸੀਂ 1 ਤਰੀਕ ਨੂੰ ਬਹਿਸ ਤੇ ਆਉਗੇ? 1 ਤਰੀਕ ਨੂੰ ਆ ਜਾਉ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮੈਂ ਬਹਿਸ ਤੇ ਆਵਾਂਗਾ। ** **

(ਇਸ ਸਮੇਂ ਲੀਡਰ ਆਫ ਦਿ ਆਪੋਜੀਸ਼ਨ ਵੱਲੋਂ ਮੁੱਖ ਮੰਤਰੀ ਖਿਲਾਫ਼ ਅਨਪਾਰਲੀਮੈਂਟਰੀ ਸ਼ਬਦਾਂ ਦਾ ਇਸਤੇਮਾਲ ਕਰਨ ਕਰਕੇ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਅਤੇ ਮੰਤਰੀ ਆਪਣੀਆਂ ਸੀਟਾਂ ਤੇ ਲੀਡਰ ਆਫ ਦਿ ਆਪੋਜੀਸ਼ਨ ਨਾਲ ਬਹਿਸਣ ਲੱਗ ਪਏ ਜਿਸ ਕਾਰਨ ਸਦਨ ਦਾ ਮਾਹੌਲ ਬਹੁਤ ਤਲਖ ਹੋ ਗਿਆ।)

**ਮੁੱਖ ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਨੇ ਮੈਨੂੰ ਤੂੰ ਕਹਿ ਕੇ ਸੰਬੋਧਨ ਕੀਤਾ ਹੈ। (ਵਿਘਨ)
**ਮਾਣਯੋਗ ਸਪੀਕਰ**: ਆਪਾਂ ਸ਼ਬਦਾਂ ਦੀ ਮਰਿਆਦਾ ਨੂੰ ਬਣਾ ਕੇ ਰੱਖੀਏ। ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਬੋਲਣਗੇ। (ਵਿਘਨ) ਮੁੱਖ ਮੰਤਰੀ ਸਾਹਿਬ, ਮੁੱਖ ਮੰਤਰੀ ਸਾਹਿਬ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਅਤੇ ਮੰਤਰੀ ਵੈਲ ਆਫ ਦਿ ਹਾਊਸ ਵਿੱਚ ਆ ਕੇ ਲੀਡਰ ਆਫ ਦਿ ਆਪੋਜੀਸ਼ਨ ਨਾਲ ਬਹਿਸਣ ਲੱਗ ਪਏ ਅਤੇ ਕੁਝ ਵਿਰੋਧੀ ਧਿਰ ਦੇ ਮੈਂਬਰ ਵੀ ਆਪਣੀਆਂ ਸੀਟਾਂ ਤੋਂ ਉੱਠ ਕੇ ਵੈਲ ਆਫ ਦੀ ਹਾਊਸ ਵਿੱਚ ਆ ਕੇ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸ਼ਾਂਤ ਕਰਨ ਦੀ ਕੋਸਿਸ਼ ਕਰ ਰਹੇ ਸਨ।)

**ਮੁੱਖ ਮੰਤਰੀ:** ਸਪੀਕਰ ਸਾਹਿਬ, ਹੰਕਾਰ ਦੇਖੋ, ਇਹ ਕਿਵੇਂ ਆਕੜ ਕੇ ਖੜ੍ਹੇ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ** **

**ਮਾਨਯੋਗ ਸਪੀਕਰ:** ਬਾਜਵਾ ਜੀ, ਆਪਾਂ ਹਾਊਸ ਦੀ ਮਰਿਆਦਾ ਨੂੰ ਬਣਾ ਕੇ ਰੱਖਣਾ ਹੈ। ਜੋ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਬੈਠੋ, ਬੈਠੋ, ਬੈਠੋ। ਬਾਜਵਾ ਸਾਹਿਬ, ਤੁਸੀਂ ਵੀ ਬੈਠੋ। ਹੁਣ ਗੱਲ ਹੋ ਲੈਣ ਦਿਓ। ਬਾਜਵਾ ਸਾਹਿਬ, ਬੈਠੋ। (ਵਿਘਨ)

**ਵਿੱਤ ਮੰਤਰੀ**: ਸਪੀਕਰ ਸਾਹਿਬ, ਇਹ ਜਿਵੇਂ ਆਪੋਜ਼ੀਸ਼ਨ ਵਾਲੇ ਕਰ ਰਹੇ ਹਨ, ਇਹ ਬਹੁਤ ਹੀ ਨਿੰਦਣਯੋਗ ਹੈ। ਇਨ੍ਹਾਂ ਦੇ ਖਿਲਾਫ ਕਾਰਵਾਈ ਕਰੋ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ** **

(ਇਸ ਸਮੇਂ ਵੀ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਅਤੇ ਮੰਤਰੀ ਵੈੱਲ ਆਫ ਦਿ ਹਾਊਸ ਵਿੱਚ ਲੀਡਰ ਆਫ ਦੀ ਆਪੋਜੀਸ਼ਨ ਨਾਲ ਲਗਾਤਾਰ ਬਹਿਸ ਰਹੇ ਸਨ ਅਤੇ ਕੁਝ ਵਿਰੋਧੀ ਧਿਰ ਦੇ ਮੈਂਬਰ ਅਜੇ ਵੀ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸ਼ਾਂਤ ਕਰਨ ਦੀ ਕੋਸਿਸ਼ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਹਾਊਸ ਦੀ ਮਰਿਆਦਾ ਨੂੰ ਬਣਾ ਕੇ ਰੱਖਿਆ ਜਾਵੇ ਅਤੇ ਕੋਈ ਵੀ ਸ਼ਬਦ ਜੋ ਚੇਅਰ ਦੀ ਇਜਾਜ਼ਤ ਤੋਂ ਬਗੈਰ ਬੋਲਿਆ ਗਿਆ ਹੈ, ਉਸ ਨੂੰ ਰਿਕਾਰਡ ਨਾ ਕੀਤਾ ਜਾਵੇ। (ਵਿਘਨ) ਸਾਰੇ ਬੈਠੋ ਜੀ। (ਵਿਘਨ) ਚੇਅਰ ਇਸ ਦਾ ਨੋਟਿਸ ਲਵੇਗੀ। ਕੋਈ ਵੀ ਕਿਸੇ ਵੀ ਮੈਂਬਰ ਦੀ ਸ਼ਾਨ ਦੇ ਖਿਲਾਫ ਨਹੀਂ ਬੋਲੇਗਾ। (ਵਿਘਨ)

(ਇਸ ਸਮੇਂ ਵੀ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਅਤੇ ਮੰਤਰੀ ਵੈਲ ਆਫ ਦੀ ਹਾਊਸ ਵਿੱਚ ਲੀਡਰ ਆਫ ਦੀ ਆਪੋਜੀਸ਼ਨ ਨਾਲ ਲਗਾਤਾਰ ਬਹਿਸ ਰਹੇ ਸਨ ਅਤੇ ਕੁਝ ਵਿਰੋਧੀ ਧਿਰ ਦੇ ਮੈਂਬਰ ਅਜੇ ਵੀ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸ਼ਾਂਤ ਕਰਨ ਦੀ ਕੋਸਿਸ਼ ਕਰ ਰਹੇ ਸਨ।)

-------

## SHORT ADJOURNMENT OF THE HOUSE

**ਮਾਣਯੋਗ ਸਪੀਕਰ**: ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਆਪਣੀਆਂ ਹੱਦਾਂ ਵਿੱਚ ਰਹਿਣ। ਇੱਕ ਦੂਜੇ ਤੋਂ ਪਿੱਛੇ ਰਹੋ। ਬਿਲਾਸਪੁਰ ਸਾਹਿਬ ਸਾਰੇ ਮਾਨਯੋਗ ਵਿਧਾਇਕ ਆਪਣੀਆਂ ਆਪਣੀਆਂ ਸੀਟਾਂ ਤੇ ਜਾਣ। (ਵਿਘਨ) (ਸ਼ੋਰ) ਹੁਣ ਸਦਨ 10 ਮਿੰਟ ਲਈ ਸਥਗਿਤ ਕੀਤਾ ਜਾਂਦਾ ਹੈ।

*2.29 ਵਜੇ ਬਾਅਦ ਦੁਪਹਿਰ) (* ਇਸ ਸਮੇਂ ਸਦਨ 2.39 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

**1425/amandeep kaur/BS khokhar**

**1435/Tarlochan Singh**

*2:39 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

-------

## STATEMENT BY THE CHIEF MINISTER (*RESUMPTION)*

**ਮਾਣਯੋਗ ਸਪੀਕਰ** : ਪੰਜਾਬ ਦੇ ਲੋਕਾਂ ਨੇ ਆਪਣੇ ਸਭ ਤੋਂ ਬੜੀਆਂ ਵੱਡੀਆਂ ਉਮੀਦਾਂ ਲਗਾ ਕੇ ਸਾਨੂੰ ਇੱਥੇ ਭੇਜਿਆ ਹੈ ਔਰ ਵਿਚਾਰਨ ਲਈ, ਡਿਸਕਸ ਕਰਨ ਲਈ ਭੇਜਿਆ ਹੈ। ਸੋ, ਮੈਂ ਸਾਰੇ ਮਾਣਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਹਾਊਸ ਦਾ ਆਰਡਰ ਬਣਾ ਕੇ ਰੱਖਿਆ ਜਾਵੇ ਤਾਂ ਕਿ ਆਪਾਂ ਡਿਸਕਸ ਕਰੀਏ ਅਤੇ ਪੰਜਾਬ ਦੇ ਮੁੱਦਿਆਂ ਦੇ ਹੱਲ ਕੱਢੀਏ।

ਇਸ ਦੇ ਨਾਲ ਹੀ ਮੈਂ ਸਾਡੇ ਨਵੇਂ ਨਿਯੁਕਤ ਹੋਏ ਐਡਵੋਕੇਟ ਜਨਰਲ, ਸ੍ਰੀ ਗੁਰਮਿੰਦਰ ਸਿੰਘ ਜੀ ਨੂੰ ਵੀ ਇੱਥੇ ਆਇਆਂ ਤੇ ਜੀ ਆਇਆਂ ਆਖਦਾ ਹਾਂ।

**ਮੁੱਖ ਮੰਤਰੀ ( ਸ੍ਰੀ ਭਗਵੰਤ ਮਾਨ)** : ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਅੱਜ ਲੁਧਿਆਣਾ ਵਿਖੇ 2600 ਕਰੋੜ ਰੁਪਏ ਦੀ ਲਾਗਤ ਨਾਲ ਤੇ ਜ਼ੀਰੋ ਪ੍ਰਤੀਸ਼ਤ ਪਾਲਿਊਸ਼ਨ ਵਾਲਾ ਟਾਟਾ ਸਟੀਲ ਦੇ ਪਲਾਂਟ ਦੀ ਭੂਮੀ ਪੂਜਨ ਤੇ ਜਾ ਕੇ ਆਇਆ ਹਾਂ। (ਥੰਪਿੰਗ) ਲਗਭਗ 2000-2500 ਨੂੰ ਸਿੱਧਾ ਰੋਜ਼ਗਾਰ ਮਿਲੇਗਾ ਅਤੇ ਜਮਸ਼ੇਦਪੁਰ ਤੋਂ ਬਾਅਦ ਟਾਟਾ ਸਟੀਲ ਦਾ ਇਹ ਦੂਜਾ ਸਭ ਤੋਂ ਵੱਡਾ ਪਲਾਂਟ ਹੈ। ਜਮਸ਼ੇਦਪੁਰ ਭਾਰਤ ਦਾ ਸਭ ਤੋਂ ਵੱਡਾ ਪਲਾਂਟ ਹੈ, ਦੂਜੇ ਨੰਬਰ ਦਾ ਇਹ ਪਲਾਂਟ 115 ਏਕੜ ਵਿੱਚ ਫੈਲਿਆ ਹੋਇਆ ਹੈ। ਇਹ ਪਲਾਂਟ ਉਨ੍ਹਾਂ ਨੇ ਕੋਹਾੜਾ ਦੇ ਨੇੜੇ ਸ਼ੁਰੂ ਕੀਤਾ ਹੈ।

ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੱਲ੍ਹ ਮਾਣਯੋਗ ਸੜਕ ਪਰਿਵਹਿਨ ਮੰਤਰੀ, ਸ੍ਰੀ ਨਿਤਿਨ ਗਡਕਰੀ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਆਏ ਹੋਏ ਸਨ। ਸਾਡੇ ਹਾਈਵੇਅ ਦੇ ਪ੍ਰਾਜੈਕਟਾਂ ਲਈ ਵੀ ਉਨ੍ਹਾਂ ਨੇ ਬਹੁਤ ਤੇਜ਼ੀ ਨਾਲ ਕੰਮ ਕਰਨ ਦਾ ਵਿਸ਼ਵਾਸ ਦਿਵਾਇਆ। ਇਸ ਦੇ ਨਾਲ 2-3 ਇਸ ਤਰ੍ਹਾਂ ਦੇ ਕੰਮ ਹੋਏ ਜਿਹੜੇ ਕਿ ਸਾਡੇ ਕਾਫੀ ਦੇਰ ਤੋਂ ਫਸੇ ਹੋਏ ਸਨ।

**1435/Tarlochan Singh/Rajneesh kumar**

**1440/mehak**

ਜਿਹੜਾ ਪੈਟਰੋਲ, ਡੀਜ਼ਲ ਦਾ ਸੈੱਸ ਹੁੰਦਾ ਹੈ, ਪੰਜਾਬ ਦਾ 170 ਕਰੋੜ ਰੁਪਿਆ ਕੇਂਦਰ ਸਰਕਾਰ ਵੱਲੋਂ ਲੈਣਾ ਰਹਿੰਦਾ ਸੀ। ਮੈਂ 200 ਕਰੋੜ ਰੁਪਿਆ ਮੰਗਿਆ ਸੀ ਤੇ ਉਹ ਕਹਿੰਦੇ ਕਿ ਤੁਹਾਨੂੰ 250 ਕਰੋੜ ਰੁਪਿਆ ਦੇ ਦਿੰਦੇ ਹਾਂ, 80 ਕਰੋੜ ਰੁਪਿਆ ਤੁਹਾਨੂੰ ਐਡਵਾਂਸ ਦੇ ਦਿੰਦੇ ਹਾਂ। (ਥੰਪਿੰਗ) ਉਹ ਵੀ ਸਾਡੇ ਕੋਲ ਪੈਸਾ ਆਵੇਗਾ ਤਾਂ ਉਸ ਨੂੰ ਅਸੀਂ ਸਰਕਾਰ ਵੱਲੋਂ ਲੋਕਾਂ ਦੀਆਂ ਸਹੂਲਤਾਂ ਲਈ ਵਰਤਾਂਗੇ। ਸਭ ਤੋਂ ਵਧੀਆ ਗੱਲ ਇਹ ਹੋਈ ਕਿ ਅਸੀਂ ਈ-ਬੱਸਾਂ ਦੀ ਗੱਲ ਕੀਤੀ ਸੀ ਕਿ ਅੰਮ੍ਰਿਤਸਰ ਸ਼ਹਿਰ ਵਿੱਚ ਦਰਬਾਰ ਸਾਹਿਬ ਲਈ, ਦੁਰਗਿਆਨਾ ਮੰਦਿਰ ਲਈ, ਜ਼ਲ੍ਹਿਆਂ ਵਾਲਾ ਬਾਗ ਲਈ, ਵਾਹਘਾ ਬਾਰਡਰ ਲਈ

ਈ-ਬੱਸਾਂ ਚਲਾ ਦੇਈਏ ਤਾਂ ਮੈਨੂੰ ਮੰਤਰੀ ਸਾਹਿਬ ਨੇ ਦੱਸਿਆ ਕਿ ਤੁਸੀਂ ਈ-ਬੱਸਾਂ ਤੇ ਪੈਸੇ ਨਾ ਖਰਚਿਓ ਤੇ ਇੱਕ ਨਵੀਂ ਤਕਨਾਲੋਜੀ sky transport ਆਈ ਹੈ, ਉਸ ਵਿੱਚ 30-30 ਦੀ ਕੈਪੇਸਿਟੀ ਹੈ। ਉਹ ਕਹਿੰਦੇ ਕਿ ਪੂਰੇ ਅੰਮ੍ਰਿਤਸਰ ਸਾਹਿਬ ਵਿੱਚ sky transport ਵਾਹਘਾ ਬਾਡਰ ਤੱਕ ਚਲਾ ਦਿਆਂਗੇ। (ਥੰਪਿੰਗ) ਯਾਨੀ ਕਿ ਹਰ ਪੰਜ-ਦਸ ਮਿੰਟ ਬਾਅਦ ਇੱਕ ਕੇਬਲ ਕਾਰ ਦਰਬਾਰ ਸਾਹਿਬ ਨੂੰ ਜਾ ਰਹੀ ਹੋਵੇਗੀ, ਇੱਕ ਜ਼ਲ੍ਹਿਆਂਵਾਲਾ ਬਾਗ ਨੂੰ ਜਾ ਰਹੀ ਹੋਵੇਗੀ, ਇੱਕ ਮਿਊਜ਼ੀਅਮ ਨੂੰ ਜਾ ਰਹੀ ਹੋਵੇਗੀ, ਇੱਕ ਵਾਘਾ ਬਾਡਰ ਨੂੰ ਜਾ ਰਹੀ ਹੋਵੇਗੀ। ਇਹ ਪਿਛਲੇ ਦੋ-ਤਿੰਨ ਦਿਨ ਦੀਆਂ ਗਤੀਵਿਧੀਆਂ ਸਬੰਧੀ ਮੈਂ ਹਾਊਸ ਨੂੰ ਜਾਣਕਾਰੀ ਦਿੱਤੀ ਹੈ। ਸਰ, ਦਸੰਬਰ ਮਹੀਨਾ ਆ ਰਿਹਾ ਹੈ ਔਰ ਦਸੰਬਰ ਮਹੀਨੇ ਵਿੱਚ 21 ਦਸੰਬਰ ਤੋਂ ਲੈ ਕੇ 28 ਦਸੰਬਰ ਤੱਕ ਦੇ ਹਫਤੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਉਸ ਹਫਤੇ ਵਿੱਚ ਸ਼ਹੀਦ ਹੋ ਗਿਆ ਸੀ। 20 ਅਤੇ 21 ਦਸੰਬਰ ਦੀ ਰਾਤ ਨੂੰ ਉਨ੍ਹਾਂ ਨੂੰ ਆਨੰਦਪੁਰ ਸਾਹਿਬ ਦਾ ਕਿੱਲ੍ਹਾ ਛੱਡਣਾ ਪਿਆ ਸੀ, 22 ਅਤੇ 23 ਦਸੰਬਰ ਨੂੰ ਪਰਿਵਾਰ ਵਿਛੋੜਾ ਹੋ ਗਿਆ ਸੀ, 24 ਦਸੰਬਰ ਨੂੰ ਚਮਕੌਰ ਸਾਹਿਬ ਵਿੱਚ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਹੁੰਦੀ ਹੈ, 25 ਅਤੇ 26 ਦਸੰਬਰ ਨੂੰ ਮਾਤਾ ਗੁਜਰੀ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਕੋਲ ਗ੍ਰਿਫਤਾਰ ਕਰਵਾ ਦਿੱਤਾ ਜਾਂਦਾ ਹੈ, 27 ਅਤੇ 28 ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿੱਚ ਚਿਣ ਦਿੱਤਾ ਗਿਆ ਸੀ। ਇਸ ਨੂੰ ਸਭਾ ਕਹਿੰਦੇ ਹਨ ਪਰ ਅਸਲ ਵਿੱਚ ਇਹ ਸ਼ੋਕ ਸਭਾ ਹੈ। ਮੈਂ ਦੇਖਿਆ ਹੈ ਕਿ ਮੇਰੇ ਦਾਦਾ ਦਾਦੀ ਉਸ ਹਫਤੇ ਵਿੱਚ ਮੰਜੇ ਤੇ ਨਹੀਂ ਸੌਂਦੇ ਸੀ, ਉਹ ਥੱਲੇ ਚਾਦਰ ਵਿਛਾ ਕੇ ਸੌਂਦੇ ਸੀ। ਜਦੋਂ ਮੈਂ ਪੁੱਛਿਆ ਕਿ ਇਸ ਤਰ੍ਹਾਂ ਕਿਉਂ ਸੌਂਦੇ ਹੋ ਤਾਂ ਉਹ ਕਹਿੰਦੇ ਕਿ ਆਪਣੇ ਗੁਰੂ ਸਾਹਿਬ ਦੇ ਚਾਰੋਂ ਸਾਹਿਬਜ਼ਾਦੇ ਤੇ 28 ਤਰੀਕ ਨੂੰ ਮਾਤਾ ਗੁਜਰੀ ਜੀ ਦਾ ਦਿਹਾਂਤ ਹੋ ਜਾਂਦਾ ਹੈ। ਇਹ ਸਾਡੇ ਲਈ ਬੜਾ ਸ਼ੋਕ ਦਾ ਹਫਤਾ ਹੈ। ਇਹ ਫਤਹਿਗੜ੍ਹ ਸਾਹਿਬ ਵਿੱਚ ਸ਼ੋਕ ਸਭਾ ਹੁੰਦੀ ਹੈ। ਇਸ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ 20 ਦਸੰਬਰ ਤੋਂ 30 ਦਸੰਬਰ ਤੱਕ ਸਰਕਾਰ ਕੋਈ ਵੀ ਸਰਕਾਰੀ ਸਮਾਗਮ ਜਾਂ ਜਸ਼ਨ ਵਾਲਾ ਪ੍ਰੋਗਰਾਮ ਨਹੀਂ ਕਰੇਗੀ।

**1440/mehak/Rajneesh kumar**

**1445/Sukhpiar Singh**

ਕੋਈ ਨੌਕਰੀਆਂ ਵੰਡਣ ਵਾਲਾ, ਨਿਯੁਕਤੀ ਪੱਤਰ ਦੇਣ ਵਾਲਾ ਜਾਂ ਕੋਈ ਹੋਰ ਇਸ ਤਰ੍ਹਾਂ ਦਾ ਫੰਕਸ਼ਨ ਜਿਸ ਵਿੱਚ ਡੀ.ਜੇ. ਲੱਗਿਆ ਹੈ ਜਾਂ ਕੋਈ ਸਿੰਗਰ ਦਾ ਪ੍ਰੋਗਰਾਮ ਨਹੀਂ ਕਰੇਗੀ। ਲੋਕਾਂ ਦੇ ਆਪਣੇ ਇੰਡੀਵਿਜੁਅਲ ਪ੍ਰੋਗਰਾਮ ਹਨ, ਕਿਸੇ ਨੇ ਵਿਆਹ ਰੱਖਿਆ ਹੋਵੇਗਾ, ਕਿਸੇ ਨੇ ਮੰਗਣਾ ਰੱਖਿਆ ਹੋਵੇਗਾ, ਉਹ ਕਰ ਸਕਦੇ ਹਨ ਪਰ ਸਰਕਾਰ ਵੱਲੋਂ 20 ਦਸੰਬਰ ਤੋਂ 30 ਦਸੰਬਰ ਤੱਕ 10 ਦਿਨ ਲਈ ਅਸੀਂ ਸਰਕਾਰ ਵੱਲੋਂ ਆਪ ਸ਼ੋਕ ਵਿੱਚ ਸ਼ਾਮਿਲ ਹੋਵਾਂਗੇ। ਆਉਣ ਵਾਲੇ ਦਿਨਾਂ ਵਿੱਚ ਕਾਫੀ ਵੱਡੀਆਂ ਪਲੈਨਿੰਗਾਂ ਲਿਆ ਕੇ ਬਿੱਲ ਲਿਆਉਂਦੇ ਸੀ, ਸਾਰੇ ਬਿਲ ਰੈਵੇਨਿਊ ਨਾਲ ਰਿਲੇਟਿਡ ਹਨ ਕਿ ਸਰਕਾਰ ਕੋਲ ਪੈਸਾ ਆਵੇਗਾ ਅਤੇ ਸਰਕਾਰ ਉਹੀ ਪੈਸਾ ਲੋਕਾਂ ਦੀਆਂ ਸਹੂਲਤਾਂ ਤੇ ਦੇਵੇਗੀ ਪਰ ਬਦਕਿਸਮਤੀ ਹੈ ਕਿ ਸਾਡੇ ਮਾਣਯੋਗ ਗਵਰਨਰ ਸਾਹਿਬ ਹਾਊਸ ਦੀ ਵਿਧਾਨਕਤਾ ਤੇ ਗੱਲ ਕਰ ਰਹੇ ਹਨ ਕਿ ਲੀਗਲ ਹੈ ਜਾਂ ਇਲੀਗਲ ਹੈ, ਉਸ ਤੇ ਸਵਾਲ ਖੜ੍ਹੇ ਕਰ ਦਿੰਦੇ ਹਨ। ਫਿਰ ਮਨ ਵਿੱਚ ਥੋੜ੍ਹਾ ਜਿਹਾ ਇਹ ਆਉਂਦਾ ਹੈ ਕਿ ਜਦੋਂ ਡੈਮੋਕਰੇਸੀ ਹੈ, ਜਦੋਂ ਲੋਕਾਂ ਨੇ ਚੁਣ ਕੇ ਭੇਜੇ ਤਾਂ ਫਿਰ ਉਹ ਲੋਕਾਂ ਲਈ ਫੈਸਲੇ ਕਿਉਂ ਨਹੀਂ ਕਰ ਸਕਦੇ, ਕਦੇ ਉਹ ਚਿੱਠੀ ਲਿਖ ਕੇ ਪੁੱਛ ਲੈਂਦੇ ਹਨ ਕਿ ਤੁਸੀਂ ਬਿਜਲੀ ਦੀ

ਸਬਸਿਡੀ ਕਿਉਂ ਦੇ ਰਹੇ ਹੋ। ਕਦੇ ਪੁੱਛ ਲੈਂਦੇ ਹਨ ਕਿ ਪਨਬਸ ਨੂੰ ਬੇਲ ਆਊਟ ਕਿਉਂ ਕਰ ਦਿੱਤਾ, ਕਦੇ ਪੁੱਛ ਲੈਂਦੇ ਹਨ ਕਿ ਇੰਨਾ ਕਰਜ਼ਾ ਤਾਂ ਦੱਸ ਦਿੱਤਾ ਪਰ ਇੰਨਾ ਹੋਰ ਕਰਜ਼ਾ ਕਿੱਥੋਂ ਲਿਆ ਹੈ। ਉਨ੍ਹਾਂ ਦਾ ਹੱਕ ਹੈ, ਉਹ ਪੁੱਛ ਸਕਦੇ ਹਨ, ਅਸੀਂ ਸਾਰੀ ਚਿੱਠੀਆਂ ਦੇ ਜਵਾਬ ਦੇਵਾਂਗੇ। ਇੱਕ ਸਵਾਲ ਪੁੱਛਿਆ ਸੀ ਕਿ ਕਰਜ਼ਾ ਕਿਉਂ ਲਿਆ, ਕਰਜ਼ਾ ਕਿਵੇਂ ਚੜ੍ਹਦਾ ਹੈ। ਖੈਰ ਸਾਨੂੰ ਤਾਂ ਪਹਿਲਾਂ ਵਾਲੀਆਂ ਸਰਕਾਰਾਂ ਤੋਂ ਵਿਰਸੇ ਵਿੱਚ ਹੀ ਕਰਜ਼ਾ ਮਿਲਿਆ ਹੈ, ਜੇ ਆਪਾਂ ਸਿਰਫ 1997 ਤੋਂ ਲਗਾ ਲਈਏ, 25 ਸਾਲ 2 ਬੰਦਿਆਂ ਦਾ ਹੀ ਰਾਜ ਰਿਹਾ ਹੈ। ਦੋ ਬੰਦਿਆਂ ਦਾ ਰਾਜ ਰਿਹਾ ਹੈ, ਇੱਕ ਦਾ 15 ਸਾਲ ਅਤੇ ਇੱਕ ਦਾ 10 ਸਾਲ। ਉਦੋਂ ਪਤਾ ਨਹੀਂ ਕਿਉਂ ਰਾਜਪਾਲ ਸਾਹਿਬ ਨੇ ਨਹੀਂ ਪੁੱਛਿਆ ਕਿ ਤੁਸੀਂ ਕਰਜ਼ਾ ਕਿਉਂ ਲੈਂਦੇ ਹੋ, ਕਰਜ਼ਾ ਕਿੱਥੇ ਤੱਕ ਜਾ ਪੁੱਜਿਆ ਹੈ, ਅਸੀਂ ਕਰਜ਼ਾ ਵੀ ਲਾਹਾਂਗੇ। ਅਸੀਂ ਲੋਕਾਂ ਨੂੰ ਸਹੂਲਤਾਂ ਵੀ ਦੇਵਾਂਗੇ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਚੁਣੀ ਹੋਈ ਸਰਕਾਰ ਦੇ ਕੰਮਾਂ ਵਿੱਚ ਹਰ ਰੋਜ਼ ਕੋਈ ਨਾ ਕੋਈ ਅੜਿੱਕਾ ਪਾਓ। ਅੱਜ ਕੇਰਲਾ ਗੌਰਮਿੰਟ ਸੁਪਰੀਮ ਕੋਰਟ ਵਿੱਚ ਫਿਰਦੀ ਹੈ, ਗਵਰਨਰ ਬਿਲ ਨਹੀਂ ਸਾਈਨ ਕਰ ਰਿਹਾ। ਬੰਗਾਲ ਵਾਲੇ ਸੁਪਰੀਮ ਕੋਰਟ ਵਿੱਚ ਫਿਰਦੇ ਹਨ, ਤਾਮਿਲਨਾਡੂ ਵਾਲਿਆਂ ਦਾ ਝਗੜਾ ਚੱਲ ਰਿਹਾ ਹੈ। ਮੇਰੇ ਸਾਹਮਣੇ ਕਾਂਗਰਸ ਦੇ ਮਾਣਯੋਗ ਐਮ.ਐਲ.ਏ. ਸਾਹਿਬਾਨ ਬੈਠੇ ਹਨ, ਸੱਤ ਸਟੇਟਾਂ ਵਿੱਚ ਤੁਹਾਡੀਆਂ ਸਰਕਾਰਾਂ ਹਨ। ਚਾਰ ਵਿੱਚ ਇਕੱਲੀਆਂ ਤੁਹਾਡੀਆਂ ਸਰਕਾਰਾਂ ਹਨ, ਤਿੰਨ ਵਿੱਚ ਤੁਸੀਂ ਭਾਗੀਦਾਰ ਹੋ, ਸਾਰੀਆਂ ਸਟੇਟਾਂ ਦਾ ਰੌਲਾ ਚੱਲ ਰਿਹਾ ਹੈ, ਗਵਰਨਰ ਨਾਲ ਝਗੜਾ ਚੱਲ ਰਿਹਾ ਹੈ। ਇਸ ਮਾਮਲੇ ਵਿੱਚ ਆਪਾਂ ਨੂੰ ਇਕੱਠੇ ਹੋਣਾ ਚਾਹੀਦਾ ਹੈ ਕਿ ਸਿਲੈਕਟਿਡ ਜਾਂ ਫਿਰ ਇਲੈਕਟਿਡ। ਕਰਜ਼ਾ ਕਿਵੇਂ ਚੜ੍ਹਿਆ ਹੈ, ਗਵਰਨਰ ਸਾਹਿਬ ਦਾ ਸਵਾਲ ਹੈ। ਮੈਂ ਜਵਾਬ ਦੇ ਦਿੰਦਾ ਹਾਂ। ਜਦੋਂ ਕੈਬਨਿਟ ਨੇ ਬੇਨਤੀ ਕੀਤੀ ਤੇ ਪਿਛਲਾ ਬਜਟ ਸੈਸ਼ਨ ਬੁਲਾਇਆ ਗਿਆ, ਇੱਕ ਦਿਨ ਪ੍ਰਵਾਨਗੀ ਦੇ ਦਿੱਤੀ, ਦੇਣੀ ਵੀ ਚਾਹੀਦੀ ਹੈ ਪਰ ਪਤਾ ਨਹੀਂ ਅਗਲੇ ਦਿਨ ਕੋਈ ਮੈਮੋਰੰਡਮ ਦੇ ਆਇਆ ਜਾਂ ਮਨ ਵਿੱਚ ਕੀ ਆਇਆ, ਉਹ ਕਹਿੰਦੇ ਕਿ ਨਾ ਮੈਂ ਨਹੀਂ ਪ੍ਰਵਾਨਗੀ ਦਿੰਦਾ। ਸਪੀਕਰ ਸਾਹਿਬ, ਸਾਨੂੰ ਸੁਪਰੀਮ ਕੋਰਟ ਜਾਣਾ ਪੈ ਗਿਆ, ਕਰਜ਼ਾ ਦੱਸਦਾ ਹਾਂ ਕਿ ਕਿਵੇਂ ਚੜ੍ਹਿਆ ਹੈ। ਜਿਵੇਂ ਕਹਿੰਦੇ ਹਨ ਕਿ ਬੂੰਦ-ਬੂੰਦ ਨਾਲ ਸਮੁੰਦਰ ਬਣਦਾ ਹੈ, ਇੱਕ ਇੱਕ ਰੁਪਏ ਨਾਲ ਹੀ ਹੁੰਦਾ ਹੈ। ਜੇ ਬਚਾਵਾਂਗੇ ਤਾਂ ਵੀ ਇੱਕ-ਇੱਕ ਰੁਪਏ ਨਾਲ ਹੀ ਭਰ ਜਾਣਾ ਹੈ। ਜੇ ਖਰਚਾਂਗੇ ਤਾਂ ਵੀ ਇੱਕ ਇੱਕ ਰੁਪਏ ਨਾਲ ਬਹੁਤ ਕੁਝ ਖਰਚਿਆ ਜਾਣਾ ਹੈ। ਸਾਨੂੰ ਸੁਪਰੀਮ ਕੋਰਟ ਜਾਣਾ ਪਿਆ ਕਿ ਗਵਰਨਰ ਸਾਹਿਬ ਸਾਨੂੰ ਬਜਟ ਸੈਸ਼ਨ ਨਹੀਂ ਬੁਲਾਉਣ ਦਿੰਦੇ। ਉੱਥੇ ਤਿੰਨ ਮਿੰਟ ਨਹੀਂ ਲੱਗੇ, ਸਿਰਫ ਤਿੰਨ ਮਿੰਟ ਦੀ ਡਿਬੇਟ ਚੀਫ ਜਸਟਿਸ ਸਾਹਿਬ ਦੇ ਅੱਗੇ ਹੋਈ। ਚੀਫ ਜਸਟਿਸ ਸਾਹਿਬ ਨੇ ਕਿਹਾ ਕਿ ਤੁਸੀਂ ਬਜਟ ਸੈਸ਼ਨ ਰੋਕ ਨਹੀਂ ਸਕਦੇ। ਉਹ ਕਹਿੰਦੇ ਠੀਕ ਹੈ ਜੀ, ਅਸੀਂ ਇਜਾਜ਼ਤ ਦੇ ਦਿੰਦੇ ਹਾਂ ਪਰ ਪੰਜਾਬ ਸਰਕਾਰ ਦਾ 25 ਲੱਖ ਰੁਪਿਆ ਖਰਚ ਹੋ ਗਿਆ।

**1445/Sukhpiar Singh/Monika sharma**

**1450/Manika Rani**

ਜੇ ਮੈਂ ਗਵਰਨਰ ਸਾਹਿਬ ਨੂੰ ਚਿੱਠੀ ਪਾਵਾਂ ਕਿ ਇਹ 25 ਲੱਖ ਰੁਪਿਆ ਕਿਸ ਹਿਸਾਬ ਵਿੱਚ ਆਉਣਾ ਹੈ । ਸਾਨੂੰ ਇੱਕ

ਲੀਗਲ ਬਜਟ ਸੈਸ਼ਨ ਬੁਲਾਉਣ ਵਾਸਤੇ ਸੁਪਰੀਮ ਕੋਰਟ ਤੋਂ ਆਰਡਰ ਲੈ ਕੇ ਆਉਣੇ ਪਏ ਅਤੇ ਸਾਡਾ 25 ਲੱਖ ਰੁਪਿਆ ਲੱਗ ਗਿਆ ਔਰ ਇਹ 25 ਲੱਖ ਰੁਪਿਆ ਉਹ ਕਿਸ ਹਿਸਾਬ ਵਿੱਚ ਪਾਉਣਗੇ? ਸਰ, ਮੈਂ ਦਿਲੋਂ ਬੋਲ ਰਿਹਾ ਹਾਂ, ਇੱਕ ਇੱਕ ਰੁਪਿਆ ਪੰਜਾਬ ਦਾ ਵੇਸਟ ਹੁੰਦਾ ਹੈ ਤਾਂ ਦੁੱਖ ਹੁੰਦਾ ਹੈ। ਜਿਹੜਾ ਪਹਿਲਾਂ ਵੇਸਟ ਹੋਇਆ, ਉਹ ਤਾਂ ਹੋ ਚੁੱਕਿਆ ਹੈ ਪਰੰਤੂ ਜਿਹੜਾ ਹੁਣ ਵੇਸਟ ਹੋ ਗਿਆ ਤਾਂ ਇਹ ਸਾਡੀ ਨਾਕਾਮੀ ਹੋਵੇਗੀ, ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੀ ਜਵਾਬ ਦੇਵਾਂਗੇ? ਸਪੀਕਰ ਸਾਹਿਬ, ਮੈਨੂੰ ਲੱਗਦਾ ਹੈ ਕਿ ਜਿਹੜੇ ਰਾਜਪਾਲ non BJP Governments ਨੂੰ ਤੰਗ ਕਰਦੇ ਰਹੇ ਹਨ, ਉਨ੍ਹਾਂ ਨੂੰ ਐਵਾਰਡ ਮਿਲਣ ਲੱਗ ਗਏ ਹਨ। ਸ਼ਾਇਦ ਹੁਣ ਇਹ ਚੱਲ ਪਿਆ ਕਿ ਮੈਂ ਵੱਧ ਤੰਗ ਕਰਾਂ, ਮੈਂ ਵੱਧ ਤੰਗ ਕਰਾਂ। ਸਹੁੰ ਚਕਾਉਣੀ ਅਤੇ ਸਹੁੰ ਚੁਕਣੀ ਵਿੱਚ ਬਹੁਤ ਫਰਕ ਹੁੰਦਾ ਹੈ। ਸ਼ਾਇਦ ਲਾਰਡ ਸਾਹਿਬ ਇਹ ਸਮਝ ਗਏ ਕਿ 16 ਮਾਰਚ ਨੂੰ ਮੈਂ ਖਟਕੜਕਲਾਂ ਸਹੁੰ ਚੁੱਕੀ ਹੈ ਜਦੋਂ ਕਿ ਉਨ੍ਹਾਂ ਨੇ ਸਹੁੰ ਚੁਕਾਈ ਸੀ। ਸੋ, ਜੇ ਅਸੀਂ ਗਲਤ ਕਰਾਂਗੇ, ਕਿਸੇ ਐਸ.ਐਸ.ਪੀ. ਨੂੰ ਗਲਤ ਬਦਲ ਦੇਵਾਂਗੇ, ਜੇ ਅਸੀਂ ਕੋਈ ਡਰੱਗ ਦੇ ਖਿਲਾਫ ਕੰਮ ਨਹੀਂ ਕਰਾਂਗੇ, 2027 ਵਿੱਚ ਲੋਕ ਸਾਨੂੰ ਬਦਲ ਦੇਣਗੇ, 2027 ਵਿੱਚ ਜਦੋਂ ਲੋਕਾਂ ਕੋਲ ਜਾਵਾਂਗੇ ਤਾਂ ਉਹ ਸਵਾਲ ਕਰਨਗੇ ਅਤੇ ਲੋਕ ਸਾਨੂੰ ਬਦਲ ਦੇਣਗੇ। ਲੋਕਾਂ ਦਾ ਹੱਕ ਹੈ ਪਰ ਇਹ ਥੋੜ੍ਹੀ ਹੈ ਪਟਵਾਰੀ ਦੀ ਬਦਲੀ ਵੀ ਦੱਸੋ, ਕਿਉਂ ਕੀਤੀ ਹੈ, ਇਹ ਤਾਂ ਸਰਕਾਰ ਦਾ ਕੰਮ ਹੈ। ਸ਼ਾਇਦ ਉਨ੍ਹਾਂ ਨੂੰ ਇਹ ਲੱਗਦਾ ਹੈ ਕਿ ਜਾਂ ਤਾਂ ਪੰਜਾਬ ਵਿੱਚ ਗਵਰਨਰ ਰਾਜ ਹੈ ਜਾਂ ਫਿਰ ਉਹ ਐਲ.ਜੀ. ਨੇ ਦਿੱਲੀ ਦੇ। ਜਦੋਂ ਕਿ ਦੋਨੋਂ ਇਹ ਨਹੀਂ। ਨਾ ਗਵਰਨਰ ਰਾਜ ਹੈ, ਨਾ ਉਹ ਐਲ.ਜੀ. ਨੇ ਦਿੱਲੀ ਦੇ। ਸੋ, ਲੋਕਾਂ ਦੇ ਭਲਾਈ ਦੇ ਕੰਮਾਂ ਵਿੱਚ ਅੜਚਣਾਂ ਪਾਉਣੀਆਂ, ਕੋਈ ਬਹੁਤੀ ਵਧੀਆ ਗੱਲ ਨਹੀਂ ਹੈ। ਇਹ ਕੋਈ ਪਹਿਲੀ ਵਾਰ ਨਹੀਂ ਹੋ ਰਿਹਾ ਹੈ ਕਿ ਅਸੀਂ ਇਸ ਸੈਸ਼ਨ ਨੂੰ sine-die ਕਰਕੇ, ਅਗਲੀ ਸਿਟਿੰਗ ਲੈ ਰਹੇ ਹਾਂ। ਮੇਰੇ ਕੋਲ ਬ੍ਰਹਮ ਮਹਿੰਦਰਾ ਜੀ ਦੀ ਚਿੱਠੀ ਹੈ, ਇਹ ਮਿਤੀ 30.11.2019 ਨੂੰ ਲਿਖੀ ਹੋਈ ਹੈ। ਉਨ੍ਹਾਂ ਨੇ ਵੀ ਸਪੀਕਰ ਸਾਹਿਬ ਨੂੰ ਚਿੱਠੀ ਲਿਖੀ ਹੋਈ ਹੈ। ਮਿਤੀ 14.11.2019 ਰਾਹੀਂ ਜਨਰਲ ਐਡਮਿਨ ਵਿਭਾਗ ਵੱਲੋਂ ਲੈਟਰ ਇਸ਼ੂ ਹੋਈ ਹੈ ਕਿ 9th Session of 15th Punjab Vidhan Sabha, 26.11.2019 ਨੂੰ ਬੁਲਾਇਆ ਜਾਵੇਗਾ ਕਿਉਂਕਿ ਪਹਿਲਾਂ sine-dine ਨਹੀਂ ਕੀਤਾ ਸੀ। Sine-die ਕੀਤਾ ਸੀ, ਇਸ ਲਈ ਗਵਰਨਰ ਦੀ ਪਰਮਿਸ਼ਨ ਦੀ ਜ਼ਰੂਰਤ ਨਹੀਂ ਹੈ। ਬ੍ਰਹਮ ਮਹਿੰਦਰਾ ਜੀ ਨੇ ਚਿੱਠੀ ਲਿਖੀ ਹੋਈ ਹੈ, ਤੁਸੀਂ ਸਵਾਲ ਸਾਡੇ ਉੱਤੇ ਕਰੀ ਜਾਂਦੇ ਹੋ ਕਿ ਲੀਗਲ ਹੈ ਜਾਂ ਇਲੀਗਲ ਹੈ। ਅਸੀਂ ਤਾਂ ਕਹਿੰਦੇ ਹਾਂ ਕਿ ਲੀਗਲ ਹੈ, ਇੱਥੇ ਅਜੇ ਬਹੁਤ ਕੰਮ ਹੋਣਗੇ, ਬਹੁਤ ਮੁੱਦਿਆਂ ਉੱਤੇ ਬੋਲਣਾ ਹੈ। ਪਰ ਜੋ ਉਨ੍ਹਾਂ ਨੇ ਚਿੱਠੀ ਲਿਖੀ ਹੈ, ਉਸ ਵਿੱਚ ਉਹ ਕਹਿੰਦੇ ਹਨ ਕਿ ਜਿਹੜੇ ਤਿੰਨ ਬਿਲ ਹਨ, ਮੈਂ ਇਨ੍ਹਾਂ ਨੂੰ ਪ੍ਰਵਾਨਗੀ ਨਹੀਂ ਦਿੰਦਾ। ਮੈਂ ਅੱਜ ਆਖਰੀ ਮਿੰਟ ਤੱਕ ਗਵਰਨਰ ਹਾਊਸ ਵਿੱਚ ਵੇਟ ਕੀਤੀ ਹੈ ਕਿ ਸ਼ਾਇਦ ਮੰਨ ਜਾਣ ਕਿ ਬਿਲਾਂ ਨੂੰ ਪ੍ਰਵਾਨਗੀ ਦੇ ਦਿਓ। ਇੱਕ ਬਿਲ ਤਾਂ ਜੀ.ਐਸ.ਟੀ. ਵਾਲਾ ਸੈਂਟਰ ਸਰਕਾਰ ਦਾ ਹੈ, ਸੈਂਟਰ ਸਰਕਾਰ ਨੇ ਹਰੇਕ ਸਟੇਟ ਤੋਂ ਪਾਸ ਕਰਵਾਉਣਾ ਹੈ। ਉਸ ਨਾਲ ਸਾਨੂੰ ਵੀ ਜੀ.ਐਸ.ਟੀ. ਵਿੱਚ ਫਾਇਦਾ ਹੋਵੇਗਾ। ਸੈਂਟਰ ਸਰਕਾਰ ਨੇ ਸਾਰੀਆਂ ਸਟੇਟਾਂ ਤੋਂ ਪਾਸ ਕਰਵਾਉਣਾ ਹੈ, ਉਹ mandatory ਹੈ। ਉਹ ਫਿਰ ਉਸ ਦਾ ਕੀ ਕਰਨਗੇ, ਅਖੀਰ ਵਿੱਚ ਕੀ ਲਿਖਦੇ ਹਨ, ਉਹ ਕਹਿੰਦੇ ਹਨ ਕਿ ਜੇ ਤੁਸੀਂ ਇਸ ਇਲਲੀਗਲ ਸੈਸ਼ਨ ਨੂੰ ਕੰਟੀਨਿਊ ਰੱਖਿਆ ਤਾਂ ਮੈਂ ਮਾਨਯੋਗ ਰਾਸ਼ਟਰਪਤੀ ਜੀ ਕੋਲ ਸ਼ਿਕਾਇਤ ਕਰ ਦੇਵਾਂਗਾ, ਇਸ ਤੋਂ ਪਹਿਲਾਂ ਉਹ 356 ਦੀ ਧਮਕੀ ਵਿੱਚ ਦੇ ਚੁੱਕੇ ਹਨ ਕਿ ਮੇਰੀਆਂ ਚਿੱਠੀਆਂ ਦਾ ਜਵਾਬ ਨਹੀਂ ਦਿੰਦੇ। ਮੈਂ ਤੁਹਾਡੇ ਉੱਤੇ 356 ਲਗਾ ਕੇ ਸਰਕਾਰ ਤੋੜ ਦੇਵਾਂਗਾ। ਜਨਾਬ ਸਪੀਕਰ ਸਾਹਿਬ, ਇਹ ਪੰਜਾਬ ਦੇ ਲੋਕਾਂ

ਨਾਲ ਧੱਕਾ ਹੈ। ਸ਼ਾਇਦ ਕਲਚਰ ਦਾ ਉਨ੍ਹਾਂ ਨੂੰ ਪਤਾ ਨਹੀਂ ਹੈ। ਪੰਜਾਬ ਦੇ ਲੋਕਾਂ ਨੇ ਆਪਣੀ ਸਰਕਾਰ ਚੁਣੀ ਹੈ। ਕੁਰਸੀਆਂ ਬਦਲਦੀਆਂ ਰਹਿੰਦੀਆਂ ਹਨ। ਇੱਧਰਲੇ ਉੱਧਰ ਅਤੇ ਉਧਰਲੇ ਇੱਧਰ ਹੁੰਦੇ ਰਹਿੰਦੇ ਹਨ।

**1450/Manika Rani/Monika sharma**

**1455/Gurpreet kaur**

ਪਰ ਜਦੋਂ ਸਰਕਾਰ ਚੁਣੀ ਹੈ ਤਾਂ ਚੁਣੀ ਹੋਈ ਸਰਕਾਰ ਨੂੰ ਲੋਕ ਪੱਖੀ ਬਿਲ, ਲੋਕ ਪੱਖੀ ਸਵਾਲ, ਲੋਕ ਪੱਖੀ ਡਿਬੇਟਸ ਕਰਵਾਉਣ ਦਾ ਹੱਕ ਕਿਉਂ ਨਹੀਂ ਹੈ? ਪਤਾ ਨਹੀਂ ਇਸ ਵਕਤ ਦੁਨੀਆਂ ਦੇ ਕਿਸੇ ਕੋਨੇ ਵਿੱਚ ਬੈਠੇ ਪੰਜਾਬ ਲਾਈਵ ਸੈਸ਼ਨ ਸੁਣ ਰਹੇ ਹੋਣਗੇ। ਹੋ ਸਕਦਾ ਹੈ ਕਿ ਉਨ੍ਹਾਂ ਨੂੰ ਕੋਈ ਉਮੀਦ ਹੋਵੇ ਕਿ ਸਾਡੇ ਚੁਣੇ ਹੋਏ ਐਮ.ਐਲ.ਏ. ਕੋਈ ਸਵਾਲ ਪਾਉਣਗੇ ਅਤੇ ਉਹ ਜੋ ਵੀ ਗੱਲ ਕਰਦੇ ਹਨ, ਰਿਕਾਰਡ ਤੇ ਜਾਵੇਗੀ। ਸੈਸ਼ਨ ਚਾਹੇ 20 ਦਿਨ ਦਾ ਕਰ ਲਵੋ, ਚਾਹੇ 2 ਦਿਨ ਦਾ ਕਰ ਲਵੋ ਪਰ ਇਹ ਸ਼ੱਕ ਨਾ ਕਰੋ ਕਿ ਸੈਸ਼ਨ ਲੀਗਲ ਹੈ ਜਾਂ ਇਲੀਗਲ ਹੈ। ਇੱਥੇ ਏ.ਜੀ. ਸਾਹਿਬ ਬੈਠੇ ਹਨ। ਵਿਰੋਧੀ ਪਾਰਟੀਆਂ ਨੇ ਵੀ ਇਹ ਗੱਲ ਕਹੀ ਹੈ। ਸਪੀਕਰ ਸਾਹਿਬ, ਮੈਂ ਇਹ ਨਹੀਂ ਚਾਹੁੰਦਾ ਕਿ ਰੋਜ਼ ਰੋਜ਼ ਦਾ ਝਗੜਾ ਅੱਗੇ ਵਧੇ। ਸਰਕਾਰ ਦੀ ਗਵਰਨਰ ਹਾਊਸ ਨਾਲ ਕੋਈ ਕੁੜੱਤਣ ਹੋਵੇ। ਸਾਡੇ ਕੋਲ ਪਹਿਲਾਂ experience ਹੈ। ਹੋਰ ਸਟੇਟਾਂ ਦਾ ਵੀ experience ਹੈ। ਮੈਂ ਬੇਨਤੀ ਕਰਦਾ ਹਾਂ ਕਿ ਅਸੀਂ ਕੋਈ ਵੀ ਬਿਲ ਪੇਸ਼ ਨਹੀਂ ਕਰਾਂਗੇ। ਜਿੰਨਾ ਚਿਰ ਅਸੀਂ ਇਸ ਗੱਲ ਲਈ ਪੰਜਾਬੀਆਂ ਨੂੰ ਵਿਸ਼ਵਾਸ ਨਹੀਂ ਦਿਵਾ ਦਿੰਦੇ ਕਿ ਇਹ ਸੈਸ਼ਨ ਲੀਗਲ ਹੈ। ਗਵਰਨਰ ਸਾਹਿਬ ਨੂੰ ਸਾਰੇ ਬਿਲਾਂ ਦੀ ਪ੍ਰਵਾਨਗੀ ਵੀ ਦੇਣੀ ਪਵੇਗੀ ਅਤੇ ਬਾਅਦ ਵਿੱਚ ਸਾਈਨ ਵੀ ਕਰਨੇ ਪੈਣਗੇ। (ਥੰਪਿੰਗ) ਮੈਂ ਤੁਹਾਨੂੰ ਸਭ ਨੂੰ ਬੇਨਤੀ ਕਰਦਾ ਹਾਂ ਕਿ ਅਸੀਂ ਆਉਣ ਵਾਲੇ ਦਿਨਾਂ ਵਿੱਚ ਸੁਪਰੀਮ ਕੋਰਟ ਦਾ ਦਰਵਾਜ਼ਾ ਵੀ ਖੜਕਾਵਾਂਗੇ। ਮੈਨੂੰ ਪਤਾ ਹੈ ਕਿ ਸੁਪਰੀਮ ਕੋਰਟ ਵਿੱਚ ਇਹੋ ਜਿਹੀਆਂ ਚਿੱਠੀਆਂ ਨਹੀਂ ਟਿਕਦੀਆਂ। ਉਨ੍ਹਾਂ ਨੇ ਤਾਂ ਸ਼ਾਇਦ ਕਾਨੂੰਨੀ ਸਲਾਹ ਵੀ ਨਹੀਂ ਲਈ ਹੋਵੇਗੀ। ਹੁਣ ਤਾਂ ਛੁੱਟੀਆਂ ਹਨ ਪਰ 30 ਤਾਰੀਖ ਨੂੰ ਅਸੀਂ ਸੁਪਰੀਮ ਕੋਰਟ ਜਾਵਾਂਗੇ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ**: ਜਦੋਂ ਅਸੀਂ ਸਾਰੇ ਸੈਸ਼ਨ ਵਿੱਚ ਬੈਠ ਹੀ ਗਏ ਹਾਂ ਅਤੇ ਸਪੀਕਰ ਸਾਹਿਬ ਸੁਪਰੀਮ ਹਨ ਤਾਂ ਫਿਰ ਇਹ ਗੱਲ ਕਿਉਂ ਕਹਿ ਰਹੇ ਕਿ ਬਿਲ ਪਾਸ ਨਹੀਂ ਕਰਨੇ।

**ਮੁੱਖ ਮੰਤਰੀ**: ਰਾਜਾ ਜੀ, ਇਹ ਅੱਛਾ ਪ੍ਰਸ਼ਨ ਹੈ। ਇਹ ਬਿਜ਼ਨਸ ਹੈ ਪਰ ਜਿਹੜਾ ਲੀਗਲ ਬਿਜਨਸ ਹੈ ਉਹ ਸਾਨੂੰ ਨਹੀਂ ਕਰਨ ਦੇ ਰਹੇ। ਜਦੋਂ ਉਨ੍ਹਾਂ ਨੇ ਬਿਲ ਹੀ ਸਾਈਨ ਨਹੀਂ ਕੀਤੇ ਗਏ, ਪਹਿਲਾਂ ਵਾਲੇ ਪਿਛਲੇ ਬਿਲ ਵੀ ਪਏ ਹਨ। ਅਸੀਂ ਤਾਂ ਉੱਥੇ ਬਿਲ ਇਕੱਠੇ ਕਰੀ ਜਾਵਾਂਗੇ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਜਦੋਂ ਇਨ੍ਹਾਂ ਨੇ ਪੜ੍ਹ ਕੇ ਸੁਣਾਇਆ ਹੈ ਕਿ Speaker is whole Incharge.

**ਮੁੱਖ ਮੰਤਰੀ:** ਰਾਜਾ ਜੀ, ਮੈਂ ਬੇਨਤੀ ਕਰ ਰਿਹਾ ਹਾਂ ਕਿ ਫੈਸਲਾ ਉਹ ਲੈਣਗੇ।

**ਸਰਦਾਰ ਪਰਗਟ ਸਿੰਘ ਪੋਆਰ**: ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ। ਸਰ, ਜਦੋਂ ਤੁਸੀਂ ਆਪਣੀ ਫਾਈਂਡਿੰਗ ਹੀ ਦੇ ਦਿੱਤੀ ਕਿ ਇਹ ਸੈਸ਼ਨ ਲੀਗਲ ਹੈ ਤਾਂ ਫਿਰ ਇਸ ਤੇ ਕੋਈ ਵੀ ਦਿੱਕਤ ਨਹੀਂ ਹੋਣੀ ਚਾਹੀਦੀ। Since you are the

custodian of the House. ਸੀ.ਐਮ. ਸਾਹਿਬ, ਮੈਂ ਤੁਹਾਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਗਵਰਨਰ ਵਾਲੇ ਮੁੱਦੇ ਤੇ ਅਸੀਂ ਤੁਹਾਡੇ ਨਾਲ ਖੜ੍ਹੇ ਹਾਂ। ਇਹ ਰੋਜ਼ ਦੇ ਝਗੜੇ ਮੁੱਕਣੇ ਚਾਹੀਦੇ ਹਨ। ਅਸੀਂ 13 ਹਜ਼ਾਰ ਪੰਚਾਇਤਾਂ ਤੇ ਧਾਰਾ 356 ਲਗਾ ਦਿੱਤੀ ਹੈ।

**ਮਾਨਯੋਗ ਸਪੀਕਰ**: ਤੁਹਾਡੀ ਗੱਲ ਆ ਗਈ ਹੈ।

**ਮੁੱਖ ਮੰਤਰੀ**: ਸਪੀਕਰ ਸਾਹਿਬ ਵੱਲੋਂ ਲੀਗਲ ਕਿਹਾ ਗਿਆ ਹੈ। ਉਹ ਹਾਊਸ ਦੇ ਕਸਟੋਡੀਅਨ ਹਨ ਪਰ ਮਨੀ ਬਿਲਾਂ ਵਾਸਤੇ ਰਿਕੁਮੈਂਡੇਸ਼ਨ ਚਾਹੀਦੀ ਹੁੰਦੀ ਹੈ। ਸਾਨੂੰ ਰਿਕੁਮੈਂਡੇਸ਼ਨ ਨਹੀਂ ਮਿਲ ਰਹੀ। ਅਸੀਂ ਬਿਲ ਤਾਂ ਪਾਸ ਕਰ ਲਵਾਂਗੇ ਪਰ ਫਿਰ ਉਹ ਕਹਿਣਗੇ ਕਿ ਇਸ ਤਰ੍ਹਾਂ ਹੋ ਗਿਆ ਜਾਂ ਉਸ ਤਰ੍ਹਾਂ ਹੋ ਗਿਆ। ਇਹ ਮੈਟਰ ਲੰਬਾ ਚੱਲੇਗਾ। ਮੈਂ ਤੁਹਾਨੂੰ ਸਭ ਨੂੰ ਯਕੀਨ ਦਿਵਾ ਦਿੰਦਾ ਹਾਂ ਕਿ 30 ਤਾਰੀਖ ਨੂੰ 15 ਮਿੰਟ ਲੱਗਣੇ ਹਨ। ਪਹਿਲਾਂ ਤਾਂ ਇੰਨਾ ਸਮਾਂ ਵੀ ਨਹੀਂ ਲੱਗਿਆ ਸੀ। ਅਸੀਂ ਨਵੰਬਰ ਦੇ ਪਹਿਲੇ ਹਫਤੇ ਵਿੱਚ ਧੜੱਲੇਦਾਰ ਤਰੀਕੇ ਨਾਲ ਦੁਬਾਰਾ ਸੈਸ਼ਨ ਬੁਲਾਵਾਂਗੇ। ਹੁਣ ਅੱਧਾ ਦਿਨ ਚੱਲ ਗਿਆ ਅਤੇ ਡੇਢ ਦਿਨ ਦਾ ਸੈਸ਼ਨ ਰਹਿ ਗਿਆ। ਇਸ ਤੋਂ ਵੀ ਜ਼ਿਆਦਾ ਵੱਡਾ ਸੈਸ਼ਨ ਬੁਲਾ ਲਵਾਂਗੇ ਪਰ ਜਿਹੜੇ ਮਨੀ ਬਿਲ ਹਨ, ਇੱਕ ਤਾਂ ਸੈਂਟਰ ਨਾਲ ਰਿਲੇਟਿਡ ਹੈ। ਮੈਂ ਸੈਂਟਰ ਨਾਲ ਜਾ ਕੇ ਵੀ ਗੱਲ ਕਰਾਂਗਾ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਫੈਸਲਾ ਤੁਸੀਂ ਲੈਣਾ ਹੈ ਕਿ ਹਾਊਸ ਨੂੰ ਅੱਜ sine die ਕਰ ਦਿੱਤਾ ਜਾਵੇ। ਅਸੀਂ ਸੁਪਰੀਮ ਕੋਰਟ ਤੋਂ ਇਜਾਜ਼ਤ ਲੈ ਕੇ ਮਨੀ ਬਿਲਾਂ ਬਾਰੇ ਰਿਕੁਮੈਂਡੇਸ਼ਨ ਲੈ ਕੇ ਦੁਬਾਰਾ ਇੱਥੇ ਆਉਣਾ ਚਾਹੁੰਦੇ ਹਾਂ।

**1455/Gurpreet kaur/Shubham jain**

**1500/Rajneet Kaur/Shubham jain**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਮੈਂਬਰ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਣਯੋਗ ਸਪੀਕਰ** : ਜੇਕਰ ਹਾਊਸ ਦੀ ਸਹਿਮਤੀ ਹੈ ਤਾਂ ਨਿਯਮ 16 ਅਧੀਨ ਪ੍ਰਸਤਾਵ ਲੈਣਾ ਬਣਦਾ ਹੈ। ਇਸ ਬਾਰੇ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨ।

(ਅਵਾਜ਼ਾਂ : ਹਾਂ ਜੀ, ਹਾਂ ਜੀ)

-------

# MOTION UNDER RULE 16

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ-

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

*3.01 ਵਜੇ ਬਾਅਦ ਦੁਪਹਿਰ) (*ਇਸ ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

**--------**